ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 16 ਜੁਲਾਈ 2024 (ਨਾਨਕਸ਼ਾਹੀ ਸੰਮਤ : ੫੫੬, ੧ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243






## ਸਾਵਣ ਦੀ ਸੰਗਰਾਂਦ ਅੱਜ

ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੈਲੰਡਰ ਅਨੁਸਾਰ ਸਾਵਣ ਮਹੀਨੇ ਦੀ ਸੰਗਰਾਂਦ ਅੱਜ। ਦੇਸ਼ ਵਿਦੇਸ਼ ਵਿੱਚ ਇਸ ਦਿਹਾੜੇ ਸਬੰਧੀ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243




## ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਮੂਹ ਗੁਰਦੁਆਰਾ ਸਾਹਿਬ ਲਈ ਸਖ਼ਤ ਹੁਕਮ ਜਾਰੀ

**ਅੰਮ੍ਰਿਤਸਰ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ 'ਤੇ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਹੇਠ ਹੋਈ। ਇਸ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਤੋਂ ਇਲਾਵਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਗਿਆਨੀ ਮੰਗਲ ਸਿੰਘ ਸ਼ਾਮਲ ਹੋਏ। ਸਿੰਘ ਸਾਹਿਬਾਨਾਂ ਦੀ ਬੈਠਕ ਦੌਰਾਨ ਲਏ ਗਏ ਫੈਸਲੇ ਜਿਸ ਵਿਚ ਗੁਰਦੁਆਰਾ ਸਾਹਿਬਾਨ ਵਿਚ ਦਿਨੋਂ-ਦਿਨ ਵੱਧ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਹਰੇਕ ਗੁਰਦੁਆਰਾ ਸਾਹਿਬ ਵਿਚ ਚੌਵੀ ਘੰਟੇ ਲਈ ਪੱਕੇ ਤੌਰ 'ਤੇ ਸੇਵਾਦਾਰਾਂ ਦੀ ਡਿਊਟੀ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਸਿੰਘ ਸਾਹਿਬਾਨਾਂ ਵੱਲੋਂ ਇਹ ਵੀ ਕਿਹਾ ਗਿਆ ਕਿ ਜਲਵਾਯੂ ਵਿਚ ਵਿਸ਼ਵ ਪੱਧਰ 'ਤੇ ਆ ਰਹੀਆਂ ਖ਼ਤਰਨਾਕ ਤਬਦੀਲੀਆਂ ਦੇ ਮੱਦੇਨਜ਼ਰ ਵਾਤਾਵਰਣ ਅਤੇ ਪਾਣੀ ਦੀ ਸਾਂਭ-ਸੰਭਾਲ, ਪੰਛੀਆਂ ਦੀਆਂ ਖ਼ਤਮ ਹੋ ਰਹੀਆਂ ਨਸਲਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਆਦੇਸ਼ ਕੀਤਾ ਜਾਂਦਾ ਹੈ ਕਿ ਹਰੇਕ ਸਿੱਖ ਆਪਣੇ ਜੀਵਨ ਵਿਚ ਘੱਟੋ-ਘੱਟ ਇਕ ਪੌਦਾ ਜ਼ਰੂਰ ਲਗਾਵੇ, ਪਾਣੀ ਦੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਜੋ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

### ਪੰਜ ਸਿੰਘ ਸਾਹਿਬਾਨ ਦਾ ਸੁਖਬੀਰ ਬਾਦਲ ਖਿਲਾਫ਼ ਵੱਡਾ ਐਲਾਨ

# ਅਕਾਲੀ ਦਲ ਦੇ ਪ੍ਰਧਾਨ ਨੂੰ 15 ਦਿਨ ਦਾ ਦਿੱਤਾ ਸਮਾਂ

**ਅੰਮ੍ਰਿਤਸਰ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਵੱਡਾ ਝਟਕਾ ਲੱਗਾ ਹੈ। ਪੰਜ ਤਖ਼ਤਾਂ ਦੇ ਜਥੇਦਾਰਾਂ ਨੇ ਸੁਖਬੀਰ ਬਾਦਲ ਨੂੰ ਤਲਬ ਕਰ ਲਿਆ ਹੈ। ਸੁਖਬੀਰ ਬਾਦਲ ਨੂੰ ਅਕਾਲੀ ਦਲ ਦੇ ਬਾਗੀ ਧੜੇ ਦੇ ਮੁਆਫ਼ੀਨਾਮੇ 'ਤੇ 15 ਦਿਨਾਂ ਵਿੱਚ ਆਪਣਾ ਪੱਖ ਪੇਸ਼ ਕਰਨਾ ਹੋਵੇਗਾ। ਬਾਗੀ ਧੜੇ ਨੇ ਇਸ ਮੁਆਫੀਨਾਮੇ ਵਿੱਚ ਸੁਖਬੀਰ ਬਾਦਲ ਉਪਰ ਵੱਡੇ ਸਵਾਲ ਉਠਾਏ ਹਨ। ਦਰਅਸਲ ਅੱਜ ਯਾਨੀ ਸੋਮਵਾਰ ਨੂੰ ਅੰਮ੍ਰਿਤਸਰ ਸਥਿਤ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਤਖ਼ਤਾਂ ਦੇ ਜਥੇਦਾਰਾਂ ਦੀ ਮੀਟਿੰਗ ਹੋਈ ਹੈ। ਪੰਜ ਤਖ਼ਤਾਂ ਦੇ ਜਥੇਦਾਰਾਂ ਨੇ ਅਕਾਲੀ ਦਲ ਦੇ ਬਾਗੀ ਧੜੇ ਦੇ ਮੁਆਫ਼ੀਨਾਮੇ 'ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੋਂ ਜਵਾਬ ਮੰਗਿਆ ਹੈ। ਉਨ੍ਹਾਂ ਨੂੰ 15 ਦਿਨਾਂ ਵਿੱਚ ਆਪਣਾ ਪੱਖ ਪੇਸ਼ ਕਰਨਾ ਹੋਵੇਗਾ। ਹਾਸਲ ਜਾਣਕਾਰੀ ਅਨੁਸਾਰ ਗਿਆਨੀ ਰਘਬੀਰ ਸਿੰਘ ਦੀ ਪ੍ਰਧਾਨਗੀ ਹੇਠ ਤਖ਼ਤਾਂ ਦੇ ਸਮੂਹ ਜਥੇਦਾਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਫੈਸਲਾ ਲਿਆ ਕਿ ਸੁਖਬੀਰ ਬਾਦਲ 'ਤੇ ਗੰਭੀਰ ਦੋਸ਼ ਲੱਗੇ ਹਨ। ਇਨ੍ਹਾਂ ਵਿੱਚ ਡੇਰਾ ਮੁਖੀ ਦਾ ਪੱਖ ਪੂਰਨਾ, ਸ਼੍ਰੋਮਣੀ ਕਮੇਟੀ ਦੇ ਖਾਤੇ ਵਿੱਚੋਂ 90 ਲੱਖ ਰੁਪਏ ਦੇ ਇਸ਼ਤਿਹਾਰ ਜਾਰੀ ਕਰਨਾ ਤੇ ਬੇਅਦਬੀ ਦੇ ਮਾਮਲੇ ਪ੍ਰਮੁੱਖ ਹਨ। ਉਨ੍ਹਾਂ ਉਪਰ ਸੁਖਬੀਰ ਬਾਦਲ ਨੂੰ ਆਪਣਾ ਪੱਖ ਪੇਸ਼ ਕਰਨਾ ਹੋਏਗਾ। ਅੱਜ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦਫ਼ਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਹੋਈ ਜਿਸ ਵਿਚ ਹੇਠ ਲਿਖੇ ਅਨੁਸਾਰ ਫੈਸਲੇ ਕੀਤੇ ਗਏ:-



1. ਗੁਰਦੁਆਰਾ ਸਾਹਿਬਾਨ ਵਿਚ ਦਿਨੋਂ-ਦਿਨ ਵੱਧ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਹਰੇਕ ਗੁਰਦੁਆਰਾ ਸਾਹਿਬ ਵਿਚ ਚੌਵੀ ਘੰਟੇ ਲਈ ਪੱਕੇ ਤੌਰ 'ਤੇ ਸੇਵਾਦਾਰਾਂ ਦੀ ਡਿਊਟੀ ਯਕੀਨੀ ਬਣਾਈ ਜਾਵੇ। ਇਸ ਵਿਚ ਕੁਤਾਹੀ ਪਾਈ ਜਾਣ 'ਤੇ ਜਾਂ ਬੇਅਦਬੀ ਹੋਣ ਦੀ ਸੂਰਤ ਵਿਚ ਸਬੰਧਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੋਵੇਗੀ ਅਤੇ ਉਸ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

2. ਬਾਬਾ ਦਯਾ ਸਿੰਘ ਜੀ ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ, ਚਲਦਾ ਵਹੀਰ ਚੱਕਰਵਰਤੀ ਨਿਹੰਗ ਸਿੰਘਾਂ, ਹੈੱਡ ਕੁਆਟਰਟਰ ਸੁਰਸਿੰਘ, ਜ਼ਿਲ੍ਹਾ ਸ੍ਰੀ ਤਰਨ ਤਾਰਨ ਸਾਹਿਬ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 'ਪੰਥ ਸੇਵਕ' ਦਾ ਵਿਸ਼ੇਸ਼ ਸਨਮਾਨ ਦੇਣ ਦਾ ਐਲਾਨ ਕੀਤਾ ਗਿਆ।

3. ਸ਼੍ਰੋਮਣੀ ਅਕਾਲੀ ਦਲ ਦੇ ਕੁਝ ਸੀਨੀਅਰ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੀ ਸ਼ਿਕਾਇਤ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਪੰਥਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕੀਤੀ। ਜਿਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਦੋਸ਼ਾਂ ਦਾ ਸਪੱਸ਼ਟੀਕਰਨ ਪੰਦਰਾਂ ਦਿਨ ਦੇ ਅੰਦਰ-ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਲਿਖਤੀ ਰੂਪ ਵਿਚ ਦੇਣ ਲਈ ਕਿਹਾ ਗਿਆ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ 90 ਲੱਖ ਦੇ ਇਸ਼ਤਿਹਾਰ ਦੇਣ ਦੇ ਕੁਝ ਅਕਾਲੀ ਆਗੂਆਂ ਵੱਲੋਂ ਲਾਏ ਦੋਸ਼ਾਂ ਸਬੰਧੀ ਸਪੱਸ਼ਟੀਕਰਨ ਮੰਗਿਆ ਗਿਆ ਹੈ।

4. ਆਲਮੀ ਤਪਸ਼ ਅਤੇ ਜਲਵਾਯੂ ਵਿਚ ਵਿਸ਼ਵ ਪੱਧਰ 'ਤੇ ਆ ਰਹੀਆਂ ਖ਼ਤਰਨਾਕ ਤਬਦੀਲੀਆਂ ਦੇ ਮੱਦੇਨਜ਼ਰ ਵਾਤਾਵਰਣ ਅਤੇ ਪਾਣੀ ਦੀ ਸਾਂਭ-ਸੰਭਾਲ, ਪੰਛੀਆਂ ਦੀਆਂ ਖ਼ਤਮ ਹੋ ਰਹੀਆਂ ਨਸਲਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਆਦੇਸ਼ ਕੀਤਾ ਜਾਂਦਾ ਹੈ ਕਿ ਹਰੇਕ ਸਿੱਖ ਆਪਣੇ ਜੀਵਨ ਵਿਚ ਘੱਟੋ-ਘੱਟ ਇੱਕ ਪੌਦਾ ਜ਼ਰੂਰ ਲਾਵੇ, ਪਾਣੀ ਦੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਜੋ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

## ਮੀਟਿੰਗ ਤੋਂ ਬਾਅਦ ਅਕਾਲੀ ਦਲ ਦੇ ਬਾਗੀ ਧੜੇ ਦਾ ਵੱਡਾ ਐਲਾਨ





**ਚੰਡੀਗੜ੍ਹ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਬਾਗੀ ਧੜੇ ਨੇ ਇਕ ਵਾਰ ਫਿਰ ਵੱਡੇ ਐਲਾਨ ਕੀਤੇ ਹਨ। ਜਿਸ 'ਚ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੂੰ ਪ੍ਰਚੰਡ ਕੀਤਾ ਜਾਵੇ ਅਤੇ ਇਸ ਦਾ ਘਰ-ਘਰ ਜਾ ਕੇ ਸੰਦੇਸ਼ ਦਿੱਤਾ ਜਾਵੇ। ਜਿਸ ਲਈ ਉਨ੍ਹਾਂ ਨੇ ਜਨਤਾ ਤੋਂ ਸਹਿਯੋਗ ਮੰਗਿਆ ਹੈ। ਇਸ ਦੌਰਾਨ ਬੀਬੀ ਜਗੀਰ ਕੌਰ ਨੇ ਐਲਾਨ ਕੀਤਾ ਕਿ ਅੱਜ ਸਭ ਦੀ ਸਹਿਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦਾ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਬਣਾਇਆ ਗਿਆ ਹੈ। ਇਸ ਦੌਰਾਨ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਦੀ ਅਹਿਮ ਮੀਟਿੰਗ ਹੋਈ ਹੈ, ਪੰਥ ਦੇ ਮੌਜੂਦਾ ਹਾਲਾਤ ਬਾਰੇ ਬੜੀ ਗੰਭੀਰਤਾ ਨਾਲ ਵਿਚਾਰ ਅਤੇ ਕਈ ਵੱਡੇ ਫੈਸਲੇ ਵੀ ਲਏ ਗਏ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਕਮੇਟੀ ਦਾ ਐਲਾਨ ਕੀਤਾ ਜਾਵੇਗਾ। ਇਸ 'ਚ ਸਾਰੇ ਸੀਨੀਅਰ ਲੀਡਰ ਤੇ ਨੌਜਵਾਨ ਵੀ ਸ਼ਾਮਲ ਕੀਤੇ ਜਾਣਗੇ। ਇਸ ਵਿਚ ਕਿਸੇ ਵਿਸ਼ੇਸ਼ ਵਿਅਕਤੀ ਨੂੰ ਅਧਿਕਾਰ ਨਹੀਂ ਸਗੋਂ ਸਭ ਮਿਲ ਕੇ ਫੈਸਲੇ ਲੈਣਗੇ ਦਾ ਅਧਿਕਾਰ ਦਿੱਤਾ ਜਾਵੇਗਾ ਤਾਂ ਕਿ ਕਿਸੇ ਨੂੰ ਮਹਿਸੂਸ ਨਾ ਹੋਵੇ ਕਿ ਫ਼ੈਸਲੇ ਗਲਤ ਲਏ ਗਏ ਹਨ। ਉਨ੍ਹਾਂ ਕਿਹਾ ਪੰਥ ਦੀਆਂ ਜਿਹੜੀਆਂ ਮਹਾਨ ਸਖਸ਼ੀਅਤਾਂ ਹਨ ਉਨ੍ਹਾਂ ਦੀਆਂ ਸ਼ਤਾਬਦੀਆਂ ਮਨਾਈਆਂ ਜਾਣੀਆਂ ਹਨ। ਇਸ ਦੌਰਾਨ ਉਨ੍ਹਾਂ ਕਿਹਾ ਜਿਨ੍ਹਾਂ ਆਗੂਆਂ ਨੂੰ ਪਾਰਟੀ ਲੀਡਰਸ਼ੀਪ 'ਚੋਂ ਬਾਹਰ ਕੱਢਿਆ ਹੈ ਉਹ ਵੀ ਗਲਤ ਫੈਸਲਾ ਹੈ। ਉਨ੍ਹਾਂ ਕਿਹਾ ਜੇਕਰ ਅਸੀਂ ਅੱਜ ਇੱਥੇ ਤੱਕ ਪਹੁੰਚੇ ਹਾਂ ਤਾਂ ਇਸ 'ਚ ਸਾਡੇ ਬਜ਼ੁਰਗਾਂ ਦਾ ਸੰਘਰਸ਼ ਰਿਹਾ ਹੈ। ਉਨ੍ਹਾਂ ਕਿਹਾ ਇਕਜੁੱਟ ਹੋ ਕੇ ਚਲਾਂਗੇ ਤਾਂ ਫੈਸਲੇ ਵੀ ਇਕੱਠੇ ਹੀ ਕਰਾਂਗੇ। ਉਨ੍ਹਾਂ ਕਿਹਾ ਪੰਥ ਦੇ ਸਾਰੇ ਲੋਕਾਂ ਨੂੰ ਕਿਹਾ ਕਿ ਸਾਡਾ ਸਾਥ ਦਿਓ, ਇਹ ਪੰਥ ਕਿਸੇ ਇਕ ਦਾ ਨਹੀਂ ਸਗੋਂ ਸਭ ਦਾ ਹੀ ਹੈ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ 'ਚ ਸਾਡੇ ਨਾਲ ਯੋਗਦਾਨ ਪਾਓ ਅਸੀਂ ਅਕਾਲੀ ਦਲ ਮੁੜ ਕਾਇਮ ਕਰਨਾ ਚਾਹੁੰਦੇ ਹਨ।

## ਕੈਨੇਡਾ ਨੇ ਸਟੱਡੀ ਪਰਮਿਟ 'ਚ ਕੀਤੇ ਵੱਡੇ ਬਦਲਾਅ, ਭਾਰਤੀ ਵਿਦਿਆਰਥੀਆਂ ਨੂੰ ਹੋ ਸਕਦੀ ਪਰੇਸ਼ਾਨੀ

**ਨਵੀਂ ਦਿੱਲੀ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਕੈਨੇਡਾ ਸਰਕਾਰ ਨੇ ਭਾਰਤ ਸਮੇਤ ਹੋਰ ਦੇਸ਼ਾਂ ਤੋਂ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਨਵਾਂ ਨਿਯਮ ਲਿਆਂਦਾ ਹੈ। ਜਿਸ ਵਿੱਚ ਪੋਸਟ-ਸੈਕੰਡਰੀ ਸਟੱਡੀ ਪਰਮਿਟ ਸਬੰਧੀ ਬਦਲਾਅ ਦੀ ਯੋਜਨਾ ਬਣਾਈ ਗਈ ਹੈ। ਇਸ ਵਿੱਚ ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਦੀ ਸਹੀ ਢੰਗ ਨਾਲ ਨਿਗਰਾਨੀ ਨਾ ਕਰਨ 'ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਟੱਡੀ ਪਰਮਿਟ ਬੰਦ ਕਰਨ ਦੀ ਯੋਜਨਾ ਬਣਾ ਰਹੀ ਹੈ। ਨਿਯਮਾਂ ਮੁਤਾਬਕ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਵਿਦਿਆਰਥੀਆਂ ਦੀ ਹਾਜ਼ਰੀ ਅਤੇ ਸਟੱਡੀ ਪਰਮਿਟ ਦੀਆਂ ਸ਼ਰਤਾਂ ਦੀ ਪਾਲਣਾ ਬਾਰੇ ਇਮੀਗ੍ਰੇਸ਼ਨ ਵਿਭਾਗ ਨੂੰ ਜਾਣਕਾਰੀ ਦੇਣੀ ਹੋਵੇਗੀ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਦੇ ਅਨੁਸਾਰ, ਇਸ ਪਹਿਲਕਦਮੀ ਦਾ ਉਦੇਸ਼ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਧੋਖਾਧੜੀ ਤੋਂ ਬਚਾਉਣ ਦੇ ਨਾਲ-ਨਾਲ ਕੰਮ ਲਈ ਸਟੱਡੀ ਪਰਮਿਟ ਦੀ ਵਰਤੋਂ ਕਰਕੇ ਕੈਨੇਡਾ ਵਿੱਚ ਬੈਕਡੋਰ ਐਂਟਰੀ ਨੂੰ ਰੋਕਣਾ ਹੈ। ਜ਼ਿਕਰਯੋਗ ਹੈ ਕਿ ਇਸ ਨਿਯਮ ਦੇ ਤਹਿਤ ਹੁਣ ਅੰਤਰਰਾਸ਼ਟਰੀ ਵਿਦਿਆਰਥੀ ਹਫਤੇ ਵਿਚ ਸਿਰਫ 24 ਘੰਟੇ ਕਾਲਜ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ। ਹਾਲਾਂਕਿ, ਇਸ ਤੋਂ ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੱਧਦੀ ਮਹਿੰਗਾਈ ਦੇ ਮੱਦੇਨਜ਼ਰ ਰੋਜ਼ੀ-ਰੋਟੀ ਕਮਾਉਣ ਲਈ 20 ਘੰਟਿਆਂ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਦੇ ਨਾਲ ਹੀ ਕੈਨੇਡਾ ਸਰਕਾਰ ਦੇ ਨਵੇਂ ਨਿਯਮਾਂ ਅਨੁਸਾਰ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਇਮੀਗ੍ਰੇਸ਼ਨ ਵਿਭਾਗ ਨੂੰ ਰਿਪੋਰਟ ਕਰਨੀ ਹੋਵੇਗੀ ਕਿ ਵਿਦਿਆਰਥੀ ਸਕੂਲ ਜਾ ਰਿਹਾ ਹੈ ਜਾਂ ਨਹੀਂ ਅਤੇ ਸਟੱਡੀ ਪਰਮਿਟ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰ ਰਿਹਾ ਹੈ ਜਾਂ ਨਹੀਂ। ਕੈਨੇਡਾ ਸਰਕਾਰ ਦੀ ਗਜ਼ਟ ਯੋਜਨਾ ਦੇ ਅਨੁਸਾਰ ਜਦੋਂ ਵੀ ਵਿਦਿਆਰਥੀ ਨੇ ਸਕੂਲ ਬਦਲਣਾ ਹੋਵੇਗਾ ਤਾਂ ਨਵੇਂ ਸਟੱਡੀ ਪਰਮਿਟ ਲਈ ਅਰਜ਼ੀ ਦੇਣੀ ਹੋਵੇਗੀ ਅਤੇ ਇਹ ਨਵਾਂ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਕਰਨਾ ਹੋਵੇਗਾ। ਇਸ ਦੇ ਨਾਲ ਹੀ, ਇਸ ਬਦਲਾਅ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਿਰਫ ਅਸਲੀ ਕਾਲਜ ਅਤੇ ਯੂਨੀਵਰਸਿਟੀਆਂ ਹੀ ਸਟੱਡੀ ਪਰਮਿਟ ਲਈ ਯੋਗ ਹੋਣ। ਉੱਥੇ ਹੀ ਇਸ ਦੀ ਪਾਲਣਾ ਨਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਜਦੋਂ ਕਿ, ਮਨੋਨੀਤ ਵਿਦਿਅਕ ਸੰਸਥਾਵਾਂ ਕੋਲ ਵਿਦਿਆਰਥੀ ਨੂੰ ਸਵੀਕਾਰ ਕਰਨ ਲਈ 10 ਦਿਨ ਅਤੇ ਹਰੇਕ ਵਿਦਿਆਰਥੀ ਦੀ ਦਾਖਲਾ ਸਥਿਤੀ 'ਤੇ ਪਾਲਣਾ ਰਿਪੋਰਟ ਪੇਸ਼ ਕਰਨ ਲਈ 60 ਦਿਨ ਹੋਣਗੇ। ਅਜਿਹੀ ਸਥਿਤੀ ਵਿੱਚ ਕੈਨੇਡਾ ਸਰਕਾਰ ਦਾ ਅੰਦਾਜ਼ਾ ਹੈ ਕਿ ਇਹਨਾਂ ਤਬਦੀਲੀਆਂ ਲਈ 10 ਸਾਲਾਂ ਵਿੱਚ ਲਗਭਗ £87 ਮਿਲੀਅਨ ਦੀ ਲਾਗਤ ਆਵੇਗੀ, ਜਿਸ ਵਿੱਚ ਸਰਕਾਰ, ਮਨੋਨੀਤ ਵਿਦਿਅਕ ਸੰਸਥਾਵਾਂ ਅਤੇ ਅਧਿਐਨ ਪਰਮਿਟ ਧਾਰਕਾਂ ਲਈ ਲਾਗੂ ਕਰਨ ਦੇ ਖਰਚੇ ਵੀ ਸ਼ਾਮਲ ਹਨ। ਜੋ ਸਕੂਲ ਬਦਲਣਾ ਚਾਹੁੰਦੇ ਹਨ। ਉਨ੍ਹਾਂ ਕੋਲ ਬਦਲਾਅ ਕਰਨ ਲਈ 29 ਜੁਲਾਈ ਤੱਕ ਦਾ ਸਮਾਂ ਹੈ।



## ਓਲੰਪਿਕ ਲਈ ਭਾਰਤੀ ਹਾਕੀ ਟੀਮ 'ਚ 10 ਪੰਜਾਬੀ ਖਿਡਾਰੀ, ਨਿਊਜ਼ੀਲੈਂਡ ਨਾਲ ਪਹਿਲੀ ਟੱਕਰ

**ਨਵੀਂ ਦਿੱਲੀ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੈਰਿਸ ਓਲੰਪਿਕ 2024 ਸ਼ੁਰੂ ਹੋਣ ਵਿੱਚ ਹੁਣ ਸਿਰਫ 11 ਦਿਨ ਬਾਕੀ ਰਹਿ ਗਏ ਹਨ। ਖੇਡਾਂ ਦੇ ਇਸ ਮਹਾਕੁੰਭ ਲਈ ਖਿਡਾਰੀਆਂ ਦੀ ਚੋਣ ਕੀਤੀ ਗਈ ਹੈ। ਪੂਰੀ ਟੀਮ ਵਿੱਚ ਪੰਜਾਬ ਦੇ 10 ਖਿਡਾਰੀ ਸ਼ਾਮਲ ਹਨ। ਇਸ ਵਾਰ ਹਾਕੀ ਦੇ ਵੱਡੇ ਨਾਮ ਵਰੁਣ ਕੁਮਾਰ ਨੂੰ ਟੀਮ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਪੈਰਿਸ ਓਲੰਪਿਕ ਦਾ ਪਹਿਲਾ ਹਾਕੀ ਮੈਚ ਭਾਰਤ ਤੇ ਨਿਊਜ਼ੀਲੈਂਡ ਵਿਚਾਲੇ ਖੇਡਿਆ ਜਾਵੇਗਾ। ਹਾਸਲ ਜਾਣਕਾਰੀ ਮੁਤਾਬਕ ਜਲੰਧਰ ਤੋਂ ਮਿਡਫੀਲਡਰ ਮਨਦੀਪ ਸਿੰਘ, ਸੁਖਜੀਤ ਸਿੰਘ, ਮਿਡਫੀਲਡਰ ਮਨਪ੍ਰੀਤ ਸਿੰਘ, ਹਾਰਦਿਕ, ਅੰਮ੍ਰਿਤਸਰ ਦੇ (ਹਾਕੀ ਟੀਮ ਦੇ ਕਪਤਾਨ) ਹਰਮਨਪ੍ਰੀਤ ਸਿੰਘ, ਮਿਡਫੀਲਡਰ ਗੁਰਜੰਟ ਸਿੰਘ, ਡਿਫੈਂਡਰ ਜਰਮਨਪ੍ਰੀਤ ਸਿੰਘ, ਮਿਡਫੀਲਡਰ ਸ਼ਮਸ਼ੇਰ ਸਿੰਘ, ਕਪੂਰਥਲਾ ਤੋਂ ਪਾਠਕ ਤੇ ਯੁਗਰਾਜ। ਇਹ 10 ਖਿਡਾਰੀ ਪੰਜਾਬ ਤੋਂ ਭਾਰਤੀ ਹਾਕੀ ਟੀਮ ਵਿੱਚ ਖੇਡ ਰਹੇ ਹਨ। ਦੱਸ ਦਈਏ ਕਿ ਪਿਛਲੇ ਕਈ ਸਾਲਾਂ ਤੋਂ ਭਾਰਤੀ ਹਾਕੀ ਟੀਮ ਦਾ ਪ੍ਰਦਰਸ਼ਨ ਕਾਫੀ ਵਧੀਆ ਰਿਹਾ ਹੈ। ਅਜਿਹੇ 'ਚ ਭਾਰਤੀ ਚੋਣਕਰਤਾਵਾਂ ਨੂੰ ਉਮੀਦ ਹੈ ਕਿ ਇਸ ਵਾਰ ਭਾਰਤੀ ਹਾਕੀ ਟੀਮ ਚੰਗਾ ਖੇਡੇਗੀ ਤੇ ਓਲੰਪਿਕ 'ਚ ਤਮਗਾ ਜਿੱਤੇਗੀ। ਭਾਰਤੀ ਪੁਰਸ਼ ਹਾਕੀ ਟੀਮ ਨੇ ਏਸ਼ਿਆਈ ਚੈਂਪੀਅਨ ਵਜੋਂ ਓਲੰਪਿਕ ਲਈ ਕੁਆਲੀਫਾਈ ਕੀਤਾ ਸੀ। ਟੀਮ ਨੂੰ ਗਰੁੱਪ ਬੀ 'ਚ ਰੱਖਿਆ ਗਿਆ ਹੈ, ਜਿਸ 'ਚ ਉਸ ਦਾ ਸਾਹਮਣਾ ਬੈਲਜੀਅਮ, ਆਇਰਲੈਂਡ, ਆਸਟ੍ਰੇਲੀਆ, ਅਰਜਨਟੀਨਾ ਤੇ ਨਿਊਜ਼ੀਲੈਂਡ ਨਾਲ ਹੋਵੇਗਾ। ਭਾਰਤ ਦਾ ਇਹ ਟੂਰਨਾਮੈਂਟ 27 ਜੁਲਾਈ 2024 ਤੋਂ ਸ਼ੁਰੂ ਹੋਵੇਗਾ। ਭਾਰਤ ਦਾ ਹਾਕੀ ਸ਼ਿਡਊਲ ਜਾਰੀ ਕਰ ਦਿੱਤਾ ਗਿਆ ਹੈ। ਟੀਮ ਆਪਣੇ ਗਰੁੱਪ ਦੀਆਂ ਪੰਜ ਹੋਰ ਟੀਮਾਂ ਨਾਲ ਖੇਡੇਗੀ। ਚੋਟੀ ਦੀਆਂ ਅੱਠ ਟੀਮਾਂ ਕੁਆਰਟਰ ਫਾਈਨਲ ਵਿੱਚ ਪਹੁੰਚਣਗੀਆਂ। ਕੁਆਰਟਰ ਫਾਈਨਲ 4 ਅਗਸਤ ਤੋਂ ਸ਼ੁਰੂ ਹੋਣਗੇ। 6 ਅਗਸਤ ਨੂੰ ਸੈਮੀਫਾਈਨਲ ਤੇ 8 ਅਗਸਤ ਨੂੰ ਮੈਡਲ ਮੈਚ ਖੇਡੇ ਜਾਣਗੇ। ਪੈਰਿਸ ਓਲੰਪਿਕ ਲਈ ਹਰਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਭਾਰਤੀ ਹਾਕੀ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ, ਇਸ ਵਿੱਚ 16 ਰੈਗੂਲਰ ਖਿਡਾਰੀ ਤੇ 3 ਬਦਲਵੇਂ ਖਿਡਾਰੀ ਸ਼ਾਮਲ ਹਨ।





ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

---

ਦਮਦਮੀ ਟਕਸਾਲ

ਨਾਮ ਜਪੋ / ਕਿਰਤ ਕਰੋ / ਵੰਡ ਛੱਕੋ — Naam Japo / Kirat Karo / Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net

---

ਆਵਾਜ਼ਿ ਕੌਮ
Daily Newspaper from U.K.
Publisher/Chief Editor
***Raghbir Singh Walsal***
E-mail : awazeqaumtv@gmail.com
www.awazeqaumtv.com
for **AWAZE QAUM** Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---

24 SERVICE EVERYDAY HOURS

PURE AND NATURAL 100% VEGETARIAN

Enjoy Real Taste of PUNJAB

KD

FULLY A.C. HALL

**Khehra VAISHNO DHABA**

BREAKFAST LUNCH DINNER

**OUR SPECIALIZATION :** Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

---

# ਪੰਜਾਬੀ

## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ — Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

**Learn Speak Read Write PUNJABI**




ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ

ਰੰਧਾਵਾ ਪਗੜੀ ਸੈਂਟਰ

ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446

ASA Gas Heating Solution Ltd.

Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**





ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ੍ਰੀ ਹਰਿਮੰਦਰ ਸਾਹਿਬ ਵਿਖੇ

# ਦੋ ਨਵ-ਨਿਯੁਕਤ ਸਿੰਘ ਸਾਹਿਬਾਨ ਜੀ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੇਵਾ-ਸੰਭਾਲ ਸਮਾਗਮ ਹੋਏ

## ਨਵ-ਨਿਯੁਕਤ ਸਿੰਘ ਸਾਹਿਬਾਨ ਵੱਲੋਂ ਪਰੰਪਰਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਏ ਗਏ ਮੁੱਖਵਾਕ
























**ਸ੍ਰੀ ਅੰਮ੍ਰਿਤਸਰ ਸਾਹਿਬ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**- ਸੇਵਾ ਸੰਭਾਲ ਸਮਾਗਮ ਮਗਰੋਂ ਨਵੇਂ ਨਿਯੁਕਤ ਹੋਏ ਦੋਵਾਂ ਗ੍ਰੰਥੀ ਸਿੰਘ ਸਾਹਿਬਾਨ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾਈ ਅਤੇ ਸਿੱਖ ਰਵਾਇਤ ਅਨੁਸਾਰ ਅਰਦਾਸ ਉਪਰੰਤ ਪਾਵਨ ਹੁਕਮਨਾਮਾ ਲੈ ਕੇ ਸੇਵਾ ਸ਼ੁਰੂ ਕੀਤੀ। ਇਸੇ ਦੌਰਾਨ ਉਨ੍ਹਾਂ ਨੇ ਬਾਬਾ ਅਟੱਲ ਰਾਏ ਸਾਹਿਬ ਵੀ ਚੱਲਦੀ ਆ ਰਹੀ ਪੰਥਕ ਰਵਾਇਤ ਤਹਿਤ ਦੇਗ ਕਰਵਾਈ ਅਤੇ ਪਾਵਨ ਹੁਕਮਨਾਮਾ ਲਿਆ। ਸੇਵਾ ਸੰਭਾਲ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪਾਵਨ ਅਸਥਾਨ ਦੀ ਸੇਵਾ ਸੰਭਾਲ ਦੇ ਇਤਿਹਾਸ ਅਤੇ ਰਵਾਇਤ ਤੋਂ ਜਾਣੂ ਕਰਵਾਉਂਦਿਆਂ ਇਸ ਸੇਵਾ ਨੂੰ ਗੁਰੂ ਸਾਹਿਬ ਦੀ ਬਖ਼ਿਸ਼ਸ਼ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਆਵਾਜ਼ਿ ਕੌਮ AWAZE QAUM International Newspaper & WEB TV

(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਸ੍ਰੀ ਹਰਿਮੰਦਰ ਸਾਹਿਬ ਵਿਖੇ

# ਦੋ ਨਵ-ਨਿਯੁਕਤ ਸਿੰਘ ਸਾਹਿਬਾਨ ਜੀ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੇਵਾ-ਸੰਭਾਲ ਸਮਾਗਮ ਹੋਏ

## ਨਵ-ਨਿਯੁਕਤ ਸਿੰਘ ਸਾਹਿਬਾਨ ਵੱਲੋਂ ਪਰੰਪਰਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਏ ਗਏ ਮੁੱਖਵਾਕ















ਦੀ ਸੰਪਾਦਨਾ ਕਰਕੇ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਅਤੇ ਬਾਬਾ ਬੁੱਢਾ ਸਾਹਿਬ ਜੀ ਨੂੰ ਸੇਵਾ-ਸੰਭਾਲ ਲਈ ਪਹਿਲੇ ਗ੍ਰੰਥੀ ਥਾਪਿਆ। ਇਸ ਤਰ੍ਹਾਂ ਇਹ ਸਿੱਖ ਕੌਮ ਅੰਦਰ ਬੇਹੱਦ ਸਤਿਕਾਰ ਵਾਲੀ ਪਦਵੀ ਹੈ, ਜਿਸ ਦੀ ਸੇਵਾ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਗਿਆਨੀ ਰਘਬੀਰ ਸਿੰਘ ਨੇ ਨਵੇਂ ਨਿਯੁਕਤ ਹੋਏ ਗ੍ਰੰਥੀ ਸਾਹਿਬਾਨ ਨੂੰ ਵਧਾਈ ਦਿੱਤੀ ਅਤੇ ਪਾਵਨ ਅਸਥਾਨ ਦੀ ਮਰਯਾਦਾ ਅਨੁਸਾਰ ਸੇਵਾ ਨਿਭਾਉਣ ਦੀ ਪ੍ਰੇਰਣਾ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਸਮਾਜ ਅੰਦਰ ਗ੍ਰੰਥੀ ਸਿੰਘ ਦਾ ਰੁਤਬਾ ਬਹੁਤ ਵੱਡਾ ਹੈ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾਵਾਂ ਨਿਭਾਉਣੀਆਂ ਵੱਡੇ ਮਾਣ ਵਾਲੀ ਹੈ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ ’ਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਤੋਂ ਲੈ ਕੇ ਕਈ ਨਾਮਵਰ ਸਖਸ਼ੀਅਤਾਂ ਨੇ ਸੇਵਾ ਨਿਭਾਈ ਹੈ। ਉਨ੍ਹਾਂ ਨਵੇਂ ਨਿਯੁਕਤ ਹੋਏ ਗ੍ਰੰਥੀ ਸਿੰਘ ਸਾਹਿਬਾਨ ਨੂੰ ਮੁਬਾਰਕ ਦਿੰਦਿਆਂ ਆਸ ਪ੍ਰਗਟਾਈ ਕਿ ਇਹ ਦੋਵੇਂ ਸ਼ਖ਼ਸੀਅਤਾਂ ਪੰਥ ਦੀ ਇਸ ਸਤਿਕਾਰਤ ਪਦਵੀ ਦੀ ਮਾਣ-ਮਰਯਾਦਾ ਦੀ ਪਾਲਣਾ ਕਰਦਿਆਂ ਸਿੱਖ ਪੰਥ ਦੀ ਸੇਵਾ ਕਰਨਗੀਆਂ। ••



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




# ਜੰਡਿਆਲਾ ਗੁਰੂ ਤੋਂ ਗਹਿਰੀ ਮੰਡੀ ਰੇਲਵੇ ਸਟੇਸ਼ਨ ਸਮੇਤ ਕਈ ਪਿੰਡਾਂ ਨੂੰ ਜੋੜਦੀ ਸੜਕ ਦੀ ਹਾਲਤ ਤਰਸਯੋਗ ਸਾਬਕਾ ਸਰਪੰਚ ਭੀਰੀ

**ਜੰਡਿਆਲਾ ਗੁਰੂ, 14 ਜਲਾਈ ( ਕੁਲਵੰਤ ਸਿੰਘ ਵਿਰਦੀ)**- ਜੀ.ਟੀ.ਰੋਡ ਜੰਡਿਆਲਾ ਗੁਰੂ

## ਕਿਸੇ ਵੇਲੇ ਵੀ ਵਾਪਰ ਸਕਦਾ ਹੈ ਵੱਡਾ ਹਾਦਸਾ

ਤੋਂ ਗਹਿਰੀ ਮੰਡੀ ਸਮੇਤ ਬੇਅੰਤ ਪਿੰਡਾਂ ਨੂੰ ਜੋੜਦੀ ਸੜਕ ਤੇ ਆਉਣ ਜਾਣ ਵਾਲੇ ਰਾਹਗੀਰ ਰੱਬ ਦੇ

ਆਵਾਜ਼ਿ ਕੌਮ AWAZE QAUM International Newspaper & WEB TV

ਸਹਾਰੇ ਸਫ਼ਰ ਕਰ ਰਹੇ ਹਨ ਇੱਥੇ ਗੱਲ ਇੱਕ ਵਰਨਣਯੋਗ ਹੈ ਕਿ ਗਹਿਰੀ ਮੰਡੀ ਵਿਖੇ ਰੇਲਵੇ ਸਟੇਸ਼ਨ ਹੋਣ ਕਾਰਨ ਰੇਲ ਦੇ ਮੁਸਾਫ਼ਰਾਂ ਨੇ ਸਮੇਂ ਤੇ ਪਹੁੰਚਣਾ ਹੁੰਦਾ ਹੈ ਇਸ ਸੜਕ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ ਅਤੇ ਸੜਕ ਵਿੱਚ ਬਹੁਤ ਵੱਡੇ ਵੱਡੇ ਖੱਡੇ ਪਏ ਹੋਏ ਹਨ ਅਤੇ ਬਰਸਾਤੀ ਪਾਣੀ ਨਾਲ ਭਰੇ ਹੋਏ ਹਨ ਅਤੇ ਇਸ ਏਰੀਏ ਨੂੰ ਜਾਣ ਵਾਲੇ ਹਰ ਇੱਕ ਰਾਹਗੀਰ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਇਸ ਸੜਕ ਦੇ ਖੱਡਿਆਂ ਵਿੱਚ ਖੜ੍ਹੇ ਪਾਣੀ ਕਾਰਨ ਸੜਕ ਦਾ ਪਤਾ ਨਹੀਂ ਚਲਦਾ ਜਿਸ ਕਰਕੇ ਲੋਕ ਇਹਨਾਂ ਖੱਡਿਆ ਵਿੱਚ ਡਿੱਗ ਰਹੇ ਹਨ ਇਸ ਸੜਕ ਉਪਰ ਕਿਸੇ ਵੇਲੇ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ ਗਹਿਰੀ ਮੰਡੀ ਤੋਂ ਜੰਡਿਆਲਾ ਗੁਰੂ ਆਉਣ ਵਾਲੇ ਸਕੂਲੀ ਬੱਚਿਆਂ ਅਤੇ ਰਾਹਗੀਰਾਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਗਹਿਰੀ ਮੰਡੀ ਦੇ ਸਾਬਕਾ ਸਰਪੰਚ ਮਨਜਿੰਦਰ ਸਿੰਘ ਭੀਰੀ ਅਤੇ ਉਨ੍ਹਾਂ ਦੀ ਟੀਮ





ਵੱਲੋਂ ਪ੍ਰਸ਼ਾਸਨ ਅਤੇ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈਟੀਓ ਨੂੰ ਅਪੀਲ ਕੀਤੀ ਗਈ ਕਿ ਜੀਟੀਰੋਡ ਜੰਡਿਆਲਾ ਗੁਰੂ ਤੋਂ ਗਹਿਰੀ ਮੰਡੀ ਨੂੰ ਜਾਣ ਵਾਲੀ ਸੜਕ ਨੂੰ ਜਲਦ ਤੋਂ ਜਲਦ ਬਣਾਇਆ ਜਾਵੇ ਇਸ ਕਰਕੇ ਸਕੂਲ ਬੱਚਿਆਂ ਨੂੰ ਅਤੇ ਰਾਹਗੀਰਾਂ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਸਬੰਧੀ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਸ਼ਰਨਜੀਤ ਸਿੰਘ ਨਾਲ ਫੋਨ ‘ਤੇ ਗੱਲਬਾਤ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਜੰਡਿਆਲੇ ਤੋਂ ਗਹਿਰੀ ਮੰਡੀ ਨੂੰ ਜਾਂਦੀ ਸੜਕ ਜੋ ਦਾਣਾ ਮੰਡੀ ਗੇਟ ਦੇ ਬਿਲਕੁਲ ਸਾਹਮਣੇ ਹੈ ਸੜਕ ਵਿੱਚ ਟੋਏ ਪਏ ਹੋਏ ਹਨ ਤੇ ਪਾਣੀ ਖੜ੍ਹਾ ਹੈ। ਉਸ ਸੜਕ ਦਾ ਜਲਦ ਤੋਂ ਜਲਦ ਹੱਲ ਕੱਢਿਆ ਜਾਵੇਗਾ। •••

## 1 ਸਾਵਣ 16 ਜੁਲਾਈ ਇਸ ਮੰਗਲਵਾਰ ਨੂੰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸ਼ਹੀਦ ਭਾਈ ਤਾਰੂ ਸਿੰਘ ਜੀ

**ਭਾਈ ਤਾਰੂ ਸਿੰਘ ਜੀ** ਨੇ ਸੰਸਾਰ ਭਰ ਵਿੱਚ ਸ਼ਹੀਦੀ ਦੀ ਇੱਕ ਵੱਖਰੀ ਤੇ ਅਨੋਖੀ ਮਿਸਾਲ ਕਾਇਮ ਕਰਦਿਆਂ ਸਿੱਖੀ ਦਾ ਜੋ ਪਰਚਮ ਲਹਿਰਾਇਆ, ਉਹ ਸਦਾ-ਸਦਾ ਲਈ ਰਹਿੰਦੀ ਦੁਨੀਆਂ ਤੱਕ ਜੱਗ ਤੇ ਝੂਲਦਾ ਰਹੇਗਾ ਤੇ ਭਾਈ ਸਾਹਬ ਦੀ ਕੁਰਬਾਨੀ ਦੀ ਯਾਦ ਦਿਵਾਉਂਦਾ ਰਹੇਗਾ।ਜ਼ਾਲਮ ਹੁਕਮਰਾਨ ਕਈ ਸਦੀਆਂ ਭੋਲੀ-ਭਾਲੀ ਜਨਤਾ ਨੂੰ

ਆਵਾਜ਼ਿ ਕੌਮ AWAZE QAUM International Newspaper & WEB TV


ਲੁੱਟਦੇ, ਕੁੱਟਦੇ ਤੇ ਡੰਡੇ ਦੇ ਜ਼ੋਰ ਨਾਲ ਰਾਜ ਕਰਦੇ ਰਹੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੌਂਸਲੇ ਅਤੇ ਨਿੱਡਰਤਾ ਨੇ ਦੱਬੇ ਕੁਚਲੇ ਲੋਕਾਂ ਨੂੰ ਅਹਿਸਾਸ ਕਰਵਾ ਕੇ ਉਹਨਾਂ ਵਿੱਚ ਨਵੀਂ ਰੂਹ ਫੂਕੀ। ਫਿਰ ਦੱਸਵੀਂ ਜੋਤ ਦੇ ਰੂਪ ਵਿੱਚ ਸੰਨ 1699 ਈ: ਨੂੰ ਵਿਸਾਖੀ ਵਾਲੇ ਦਿਨ ਖਾਲਸਾ ਸਾਜ ਕੇ ਖਾਲਸਾ ਫੌਜ ਸਥਾਪਿਤ ਕੀਤੀ। ਅੰਮ੍ਰਿਤ ਦੀ ਪਵਿੱਤਰ ਦਾਤ ਦੀ ਬਖਸ਼ਿਸ਼ ਕਰਕੇ ਖਾਲਸੇ ਨੂੰ ਜ਼ਾਲਮ ਤੇ ਜ਼ੁਲਮ ਦੇ ਵਿਰੁੱਧ ਟਕਰਾ ਕੇ ਸਵੈਮਾਣ ਤੇ ਅਣਖ ਦੇ ਰੰਗ ਵਿੱਚ ਐਸਾ ਰੰਗਿਆ ਕਿ ਜਿੰਨ੍ਹਾਂ ਨੇ ਆਪਣੇ ਫਰਜ਼ ਲਈ ਹਰ ਕੱਸ਼ਟ ਹੱਸ ਕੇ ਸਹਿ ਲਿਆ। ਆਪਣੇ ਫਰਜ਼ ਲਈ ਚਾਹੇ ਚਰੱਖੜੀਆਂ ਤੇ ਚੜਨਾ ਪਿਆ, ਬੰਦ-ਬੰਦ ਕਟਵਾਉਣੇ ਪਏ, ਪੁੱਠੀਆਂ ਖੱਲਾਂ ਲਵਾਉਣੀਆਂ ਪਈਆਂ, ਆਰਿਆ ਨਾਲ ਚੀਰੇ ਗਏ, ਕੀਮਾਂ-ਕੀਮਾਂ ਕੀਤੇ ਗਏ, ਨੇਜ਼ਿਆਂ ਤੇ ਟੰਗੇ ਗਏ, ਦੇਗਾਂ ਵਿੱਚ ਪਾ ਕੇ ਉਬਾਲੇ ਗਏ ਜਾਂ ਰੰਬੀ ਨਾਲ ਖੋਪਰੀਆਂ ਉਤਰਵਾਉਣੀਆਂ ਪਈਆਂ, ਪਰ ਸੀ ਤੱਕ ਨਾ ਉਚਾਰੀ। ਸਿੱਖੀ ਸਿੱਦਕ ਤੋੜ ਤੱਕ ਨਿਭਿਆ।

ਐਸੇ ਸਿੱਖ ਕੌਮ ਦੇ ਅਨਮੋਲ ਹੀਰਿਆਂ ਵਿੱਚ ਇੱਕ ਹੀਰਾ ਭਾਈ ਤਾਰੂ ਸਿੰਘ ਜੀ ਸਨ। ਭਾਈ ਤਾਰੂ ਸਿੰਘ ਪਿੰਡ ਪੂਹਲਾ ਦਾ ਰਹਿਣ ਵਾਲਾ ਗੁਰਸਿੱਖ ਸੀ। ਇਤਿਹਾਸ ਵਿੱਚ ਆਉਂਦਾ ਹੈ ਕਿ ਭਾਈ ਤਾਰੂ ਸਿੰਘ ਜੀ ਛੋਟੇ ਜਿਹੇ ਕਿਸਾਨ ਸਨ। ਇੰਨ੍ਹਾਂ ਦੇ ਪਿਤਾ ਵੀ ਗੁਰੂ ਘਰ ਦੇ ਪ੍ਰੇਮੀ ਸਨ। ਉਹ ਮੁਕਤਸਰ ਸਾਹਬ ਦੀ ਲੜਾਈ ਵਿੱਚ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਸ਼ਹੀਦੀ ਜਾਮ ਪੀ ਗਏ ਸਨ। ਘਰ ਵਿੱਚ ਮਾਤਾ ਤੇ ਇੱਕ ਭੈਣ ਸੀ ਜੋ ਵਿਆਹੀ ਹੋਈ ਸੀ, ਪਰ ਉਸਦਾ ਪਤੀ ਗੁਜ਼ਰ ਚੁੱਕਾ ਸੀ ਤੇ ਉਹ ਵੀ ਆਪਣੇ ਭਰਾ ਤੇ ਮਾਂ ਕੋਲ ਹੀ ਰਹਿੰਦੀ ਸੀ। ਭਾਈ ਸਾਹਬ ਸ਼ਾਂਤ ਸੁਭਾਅ ਦੇ ਮਾਲਕ ਸਨ। ਸਦਾ ਉਸ ਪਰਮਾਤਮਾ ਦੀ ਬੰਦਗੀ ਹੀ ਉਹਨਾਂ ਦਾ ਧਰਮ ਕਰਮ ਸੀ। ਖੇਤਾਂ ਵਿੱਚ ਜੋ ਵਾਹੁੰਦੇ ਬੀਜਦੇ ਸਨ। ਉਹ ਸਰਬੱਤ ਦੇ ਭਲੇ ਲਈ ਲੰਗਰ ਲਾ ਛੱਡਣੇ, ਇਸ ਗੁਰਸਿੱਖ ਦਾ ਨਿੱਤ ਦਾ ਕਰਮ ਸੀ। ਭਾਈ ਰਤਨ ਸਿੰਘ ਭੰਗੂ ਲਿੱਖਦੇ ਹਨ ਕਿ:

**ਸਾਖੀ ਤਾਰੂ ਸਿੰਘ ਕੀ ਸੁਨੋਂ ਸਿੰਘ ਮਨ ਲਾਇ।**
**ਜੋ ਖਾਨ ਬਹਾਦਰ ਲੈ ਤੁਰਯੋ, ਖੋਪਰੀ ਸਿਰੋਂ ਉਤਰਾਇ।**
**ਸੋ ਮਾਝੇ ਮੈਂ ਬਸਤ ਥੋ, ਭਲੇ ਸੁ ਪੂਲੈ ਗਾਮ।**
**ਹਠੀ ਤਪੀ ਸਾਚੋ ਸਤੀ, ਨਿਹੰਗ ਤਾਰੂ ਸਿੰਘ ਨਾਮ।**

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਤੇ ਮਾੜੇ ਦਿਨਾਂ ਦਾ ਬੋਲ-ਬਾਲਾ ਸੀ। ਉਸ ਸਮੇਂ ਹਕੂਮਤ ਨੇ ਸਿੱਖਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਹੋਇਆ ਸੀ। ਸਿੱਖ ਜੰਗਲਾਂ ਵਿੱਚ ਜਾ ਛੁਪੇ




ਸਨ। ਭਾਈ ਸਾਹਬ ਜੋ ਕੁੱਝ ਕਮਾਉਂਦੇ ਸਨ। ਸਿੱਖਾਂ ਨੂੰ ਜੰਗਲਾਂ ਬੇਲਿਆਂ ਵਿੱਚ ਜਾ ਕੇ ਲੰਗਰ ਪਾਣੀ ਛਕਾ ਆਉਂਦੇ ਸਨ। ਪਿੰਡ ਪੂਹਲੇ ਦੇ ਲਾਗੇ ਹੀ ਇੱਕ ਰੱਖ ਵਿੱਚ ਕਦੇ ਕਦਾਈ ਕੁੱਝ ਸਿੰਘ ਆ ਕੇ ਠਹਿਰ ਜਾਂਦੇ ਸਨ, ਜੋ ਹਕੂਮਤ ਨਾਲ ਗਾਹੇ-ਬਗਾਹੇ ਟੱਕਰ ਲੈ ਲੈਂਦੇ ਸਨ। ਭਾਈ ਸਾਹਬ ਲੰਗਰ ਤਿਆਰ ਕਰਕੇ ਉਸ ਰੱਖ ਵਿੱਚ ਰਾਤ ਨੂੰ ਉਹਨਾਂ ਸਿੱਖਾਂ ਨੂੰ ਛਕਾ ਆਉਂਦੇ ਤੇ ਨਾਲੇ ਹੋਰ ਵੀ ਕਈ ਪ੍ਰਕਾਰ ਦੀ ਮਦਦ (ਸੂਹ ਵਗੈਰਾ) ਦੇ ਆਉਂਦੇ ਸਨ। ਜਦ ਇਸ ਸਾਰੀ ਗੱਲ ਦਾ ਪਤਾ ਜ਼ਾਲਮ ਹਕੂਮਤ ਦੇ ਮੁਖਬਿਰ ਜੰਡਿਆਲਾ ਨਿਵਾਸੀ ਹਰਭਗਤ ਨਿਰੰਜਨੀਏ ਨੂੰ ਲੱਗਾ ਤਾਂ ਉਸ ਨੇ ਝੱਟ ਜਾ ਕੇ ਸੂਬੇਦਾਰ ਜਕਰੀਆਂ ਖਾਂ ਨੂੰ ਇਤਲਾਹ ਦਿੱਤੀ ਕਿ ਇੱਕ ਸਿੱਖ ਜਿਸਦਾ ਨਾਂ ਭਾਈ ਤਾਰੂ ਸਿੰਘ ਹੈ ਤੇ ਉਹ ਪਿੰਡ ਪੂਹਲਿਆਂ ਦਾ ਰਹਿਣ ਵਾਲਾ ਹੈ, ਹਕੂਮਤ ਦੇ ਵਿਰੋਧੀਆਂ ਨੂੰ ਆਪਣੇ ਘਰ ਵਿੱਚ ਪਨਾਹ ਦਿੰਦਾ ਹੈ ਤੇ ਲੰਗਰ ਪਾਣੀ ਵੀ ਛਕਾਉਂਦਾ ਹੈ। ਆਪ ਵੀ ਉਹਨਾਂ ਨਾਲ ਰਲ ਕੇ ਰਾਤ ਨੂੰ ਲੁੱਟਾਂ- ਖੋਹਾਂ ਕਰਦਾ ਤੇ ਸੰਨ੍ਹਾਂ ਲਾਉਂਦਾ ਹੈ। ਜਕਰੀਆਂ ਖਾਂ ਦੇ ਹੁਕਮ ਮੁਤਾਬਿਕ ਭਾਈ ਤਾਰੂ ਸਿੰਘ ਨੂੰ ਫੜ ਕੇ ਲਾਹੌਰ ਲਿਆਂਦਾ ਗਿਆ। ਭਾਈ ਤਾਰੂ ਸਿੰਘ ਨੂੰ ਜਕਰੀਆ ਖਾਂ ਦੀ ਕਚਹਿਰੀ ਵਿੱਚ ਪੇਸ਼ ਕਰਨ ਉਪਰੰਤ ਹਕੂਮਤ ਨੇ ਬਾਗੀ ਸਿੰਘਾਂ ਨੂੰ ਆਪਣੇ ਕੋਲ ਪਨਾਹ ਦੇਣ, ਲੁੱਟਾਂ-ਖੋਹਾਂ ਕਰਨ, ਚੋਰੀਆਂ ਡਾਕੇ ਤੇ ਹੋਰ ਕਈ ਤਰ੍ਹਾਂ ਦੇ ਮਨਘੜ੍ਹਤ ਕੇਸ ਪਾ ਕੇ ਭਾਈ ਸਾਹਬ ਨੂੰ ਕੇਸ ਕਤਲ ਕਰਵਾ ਕੇ ਮੁਸਲਮਾਨ ਬਣ ਜਾਣ ਲਈ ਕਿਹਾ ਤਾਂ ਭਾਈ ਸਾਹਬ ਨੇ ਲਲਕਾਰ ਕੇ ਕਿਹਾ ਕਿ ਇਹ ਕਦੇ ਨਹੀ ਹੋ ਸਕਦਾ, ਇਸ ਸਿੱਖ ਦਾ ਸਿੱਦਕ ਕੇਸਾਂ, ਸੁਆਸਾਂ ਨਾਲ ਨਿਭੇਗਾ। ਇਹ ਗੱਲ ਸੁਣ ਕੇ ਜ਼ਕਰੀਆਂ ਖਾਂ ਗੁੱਸੇ ਵਿੱਚ ਬੋਲਿਆ ਕਿ 'ਜਿੰਨ੍ਹਾਂ ਕੇਸਾਂ ਤੂੰ ਇੰਨ੍ਹਾਂ ਮਾਣ ਕਰਦਾ ਏ ਨਾ, ਮੈਂ ਜੁੱਤੀਆਂ ਮਾਰ-ਮਾਰ ਕੇ ਤੇਰੇ ਉਹ ਕੇਸ ਉਖਾੜ ਦਿਆਗਾਂ'।

**'ਅਕਾਲ, ਅਕਾਲ' ਸਿੰਘ ਜਾਪ ਉਚਾਰੇ। ਸੁਣ ਨਵਾਬ ਮੂੰਦੇ ਕੰਨ ਸਾਰੇ।**
**ਤਬ ਨਵਾਬ ਬਹੁ ਕ੍ਰੋਧਹਿ ਭਰਾ। ਸੋਊ ਹੁਕਮ ਉਨ ਮੋਚੀਅਨ ਕਰਾ।**
**ਇਸ ਕੀ ਖੋਪਰੀ ਸਾਥੇ ਬਾਲ। ਕਾਟ ਉਤਾਰੋ ਰੰਬੀ ਨਾਲ।**
**ਤਬੈ ਕਸਾਇਨ ਵੈਸੀ ਕਰੌ। ਕਰ ਪੈਨੀ ਸਿਰ ਰੰਬੀ ਧਰੀ।** (ਸ੍ਰੀ ਗੁਰ ਪੰਥ ਪ੍ਰਕਾਸ਼)

ਭਾਈ ਤਾਰੂ ਸਿੰਘ ਨੇ ਕਿਹਾ ਕਿ ਜ਼ਕਰੀਆ ਖਾਂ 'ਤੈਨੂੰ ਇਹ ਖਾਲਸਾ ਆਪਣੀ ਜੁੱਤੀ ਦੇ ਅੱਗੇ ਲਾ ਕੇ ਲੈ ਕੇ ਜਾਵੇਗਾ।'

**ਕਹੋ ਜਾਇ ਹੋ ਰਹੁ ਮਜ਼ਬੂਤ। ਮਾਰੋਂ ਬੰਦ ਕਰ ਹਗਣੋ ਮੂਤ।**
**ਹੋਹੁ ਤਯਾਰ ਤੂੰ ਦੋਜਕ ਤਾਊਂ। ਮਾਰ ਜੂਤਨ ਤੁਹ ਪਹਿਲੋਂ ਲਿਜਾਊਂ।।** (ਪੰਥ ਪ੍ਰਕਾਸ਼)

ਭਾਈ ਸਾਹਬ ਦੇ ਨਾਂਹ ਕਰਨ ਤੇ ਅੰਤ ਵਿੱਚ ਫਤਵਾ ਦਿੱਤਾ ਗਿਆ ਕਿ ਇਸ ਦੀ ਖੋਪਰੀ ਉਤਾਰ ਦਿੱਤੀ ਜਾਵੇ। ਜ਼ਲਾਦਾਂ ਨੇ ਰੰਬੀ ਨਾਲ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਦਿੱਤੀ। ਖੂਨ ਦੀਆਂ ਧਾਰਾਂ ਭਾਈ ਸਾਹਬ ਦੇ ਸਰੀਰ ਉੱਪਰ ਵਹਿ ਤੁਰੀਆਂ। ਆਪ ਅਡੋਲ ਚਿੱਤ ਜਪੁ ਜੀ ਸਾਹਬ ਜੀ ਦਾ ਪਾਠ ਕਰਦੇ ਰਹੇ। ਭਾਈ ਤਾਰੂ ਸਿੰਘ ਜੀ ਨੂੰ ਕਚਹਿਰੀ ਦੇ ਬਾਹਰ ਸੁੱਟ ਦਿੱਤਾ ਗਿਆ। ਉੱਥੋਂ ਕੁੱਝ ਸਿੱਖਾਂ ਸਰਕਾਰੀ ਕਾਰਵਾਈ ਪੂਰੀ ਕਰਕੇ ਭਾਈ ਸਾਹਬ ਨੂੰ ਨੇੜੇ ਦੀ ਧਰਮਸ਼ਾਲਾ ਵਿੱਚ ਲੈ ਗਏ। ਉੱਥੇ ਭਾਈ ਸਾਹਬ ਦਾ ਜਿੰਨ੍ਹਾਂ ਇਲਾਜ ਸੰਭਵ ਸੀ, ਉਨਾਂ ਕੀਤਾ ਗਿਆ। ਥੋੜ੍ਹੇ ਦਿਨਾਂ ਬਾਦ ਹੀ ਜ਼ਕਰੀਆਂ ਖਾਂ ਦਾ ਪੇਸ਼ਾਬ ਬੰਦ ਹੋ ਗਿਆ। ਜ਼ਕਰੀਆਂ ਖਾਂ ਬਹੁਤ ਤੰਗ ਹੋ ਗਿਆ। ਕਾਜ਼ੀ ਮੁਲਾਣਿਆਂ ਨ ਬਥੇਰੇ ਉਹੜ-ਪੋਹੜ ਕੀਤੇ ਸਭ ਬੇਅਸਰ ਗਏ। ਕਿਸੇ ਸਿਆਣੇ ਦੇ ਕਹਿਣ ਤੇ ਭਾਈ ਤਾਰੂ ਸਿੰਘ ਨੂੰ ਜ਼ਕਰੀਆਂ ਖਾਂ ਨੂੰ ਮੁਆਫ ਕਰਨ ਲਈ ਕਿਹਾ ਗਿਆ।

ਭਾਈ ਤਾਰੂ ਸਿੰਘ ਨੇ ਕਿਹਾ ਕਿ ਜੋ ਹੋਣਾ ਸੀ ਉਹ ਹੋ ਗਿਆ। ਹੁਣ ਮੈਂ ਕੁੱਝ ਨਹੀ ਕਰ ਸਕਦਾ। ਹੁਣ ਤਾਂ ਖਾਲਸਾ ਪੰਥ ਹੀ ਕੁੱਝ ਕਰ ਸਕਦਾ ਹੈ। ਖਾਲਸਾ ਪੰਥ ਤੱਕ ਪਹੁੰਚ ਕਰਨ ਲਈ ਭਾਈ ਸ਼ਹਿਬਾਜ਼ ਸਿੰਘ ਜੰਬਰ ਨੂੰ ਕਿਹਾ ਗਿਆ ਤਾਂ ਉਹ ਖਾਲਸਾ ਪੰਥ ਤੱਕ ਜੰਗਲਾਂ ਵਿੱਚ ਪਹੁੰਚੇ ਤਾਂ ਖਾਲਸਾ ਪੰਥ ਨੇ ਸਾਰੀ ਗੱਲ ਸੁਣ ਕੇ ਕਿਹਾ ਕਿ ਪਹਿਲਾਂ ਤਾਂ ਜ਼ਕਰੀਆ ਖਾਂ ਸਿੱਖਾਂ ਤੇ ਜ਼ੁਲਮ ਕਰਨੇ ਬੰਦ ਕਰੇ। ਦੂਜਾ ਸ਼ਹੀਦ ਹੋਏ ਸਿੱਖਾਂ ਦੇ ਸਸਕਾਰ ਕੀਤੇ ਜਾਣ। ਤੀਜਾ ਭਾਈ ਤਾਰੂ ਸਿੰਘ ਜੀ ਦਾ ਜੁੱਤਾ ਜ਼ਕਰੀਆ ਖਾਂ ਦੇ ਸਿਰ ਵਿੱਚ ਮਾਰਿਆ ਜਾਵੇ। ਇਸੇ ਤਰ੍ਹਾਂ ਹੀ ਕੀਤਾ ਗਿਆ। ਪਹਿਲਾਂ ਤਾਂ ਜੁੱਤਾ ਰੇਸ਼ਮੀ ਕੱਪੜੇ ਵਿੱਚ ਲਪੇਟ ਕੇ ਮਾਰਿਆ ਗਿਆ ਤੇ ਥੋੜ੍ਹਾ ਜਿਹਾ ਪੇਸ਼ਾਬ ਆਇਆ। ਫਿਰ ਕੱਪੜੇ ਵਿੱਚੋਂ ਕੱਢ ਕੇ ਜੁੱਤਾ ਜ਼ਕਰੀਆ ਖਾਂ ਦੇ ਸਿਰ ਵਿੱਚ ਮਾਰਿਆ ਤਾਂ ਖੁੱਲ ਕੇ ਪੇਸ਼ਾਬ ਆ ਗਿਆ। ਹਰ ਵਾਰੀ ਇਸੇ ਤਰ੍ਹਾਂ ਹੀ ਪੇਸ਼ਾਬ ਆਉਂਦਾ। ਅਗਲੇ ਦਿਨ ਹੀ ਜ਼ਕਰੀਆ ਖਾਂ ਮਰ ਗਿਆ। ਇਹ ਖਬਰ ਜਦ ਭਾਈ ਤਾਰੂ ਸਿੰਘ ਜੀ ਤੱਕ ਪਹੁੰਚੀ ਤਾਂ ਇਤਹਾਸ ਵਿੱਚ ਆਉਂਦਾ ਹੈ ਕਿ ਖੋਪਰੀ ਉਤਾਰਨ ਤੋਂ 22 ਦਿਨ ਬਾਅਦ 16 ਜੁਲਾਈ 1745 ਈ: ਭਾਈ ਤਾਰੂ ਸਿੰਘ ਜੀ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ।ਗੁਰੂ ਜੀ ਦਾ ਸੱਚੇ ਸਿੱਖ ਦੇ ਕਹੇ ਬੋਲ ਗੁਰੂ ਕ੍ਰਿਪਾ ਨਾਲ ਪੂਰੇ ਹੋਏ ਜ਼ਕਰੀਆ ਖਾਂ ਨੂੰ ਜੁੱਤੀ ਨਾਲ ਅੱਗੇ ਲਾ ਕੇ ਲੈ ਕੇ ਗਏ।

ਤਬ ਤਾਰੂ ਸਿੰਘ ਉੱਤਰ ਕਹੈ।
ਅਪਨੀ ਗਤਿ ਗੁਰ ਆਪੇ ਲਹੈ।
ਨਹੀਂ ਅੰਤ ਕਿਛੁ ਪਾਯਾ ਜਾਇ।
ਉਨ ਕੇ ਭੇਦ ਹੈਂ ਉਨ ਹੀ ਪਾਹਿ। (**ਰਤਨ ਸਿੰਘ ਭੰਗੂ**)

ਭਾਈ ਤਾਰੂ ਸਿੰਘ ਜੀ ਦਾ ਸਸਕਾਰ ਲਾਹੌਰ ਦੇ ਸ਼ਹੀਦ ਗੰਜ਼ ਵਾਲੇ ਅਸਥਾਨ ਤੇ ਕੀਤਾ ਗਿਆ। ਭਾਈ ਸਾਹਬ ਜੀ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾ ਕੇ ਇਸ ਸੰਸਾਰ ਵਿੱਚ ਇੱਕ ਵੱਖਰੀ ਮਿਸਾਲ ਕਾਇਮ ਕੀਤੀ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਲਾਮਿਸਾਲ ਹੈ। ਭਾਈ ਸਾਹਬ ਜੀ ਦੀ ਸ਼ਹੀਦੀ ਨੂੰ ਕੋਟਿਨ-ਕੋਟਿ ਪ੍ਰਣਾਮ।

**-ਧਰਮਿੰਦਰ ਸਿੰਘ (ਚੱਬਾ), ਪਿੰਡ ਤੇ ਡਾਕ: ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ**

# ਸ੍ਰੀ ਗੁਰੂ ਅਮਰਦਾਸ ਜੀ ਦੀ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਕਰਵਾਇਆ 60 ਦੇ ਕਰੀਬ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ : ਭਾਈ ਹਰਭਜਨ ਸਿੰਘ

ਜੰਡਿਆਲਾ ਗੁਰੂ 15 ਜੁਲਾਈ (ਕੁਲਵੰਤ ਸਿੰਘ ਵਿਰਦੀ) ਬੀਤੇ ਦਿਨ ਗੁਰਦੁਆਰਾ ਬਾਬਾ ਲਛਮਣ ਸਿੰਘ ਪਿੰਡ ਬੰਡਾਲਾ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਪੁਰਬ ਸ਼ਤਾਬਦੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ 450 ਸਾਲਾ ਗੁਰਤਾਗੱਦੀ ਸ਼ਤਾਬਦੀ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਵਿਸ਼ੇਸ਼ ਸਹਿਯੋਗ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਮਰਜੀਤ ਸਿੰਘ ਬੰਡਾਲਾ ਦੇ ਵਿਸ਼ੇਸ਼ ਸਹਿਯੋਗ ਦੇ ਨਾਲ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਇਸ ਸਮਾਗਮ ਚ ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ

ਆਵਾਜ਼ਿ ਕੌਮ AWAZE QAUM International Newspaper & WEB TV

ਸ਼ਖ਼ਸੀਅਤਾਂ ਭਾਈ ਗੁਰਮੁਖ ਸਿੰਘ ਸੈਦੋਲੇਲ , ਹੈਂਡ ਗ੍ਰੰਥੀ ਭਾਈ ਹਰਭਜਨ ਸਿੰਘ ਗੁਰਦੁਆਰਾ ਮੋਰੀ ਗੇਟ ਜੰਡਿਆਲਾ ਗੁਰੂ, ਪ੍ਰਚਾਰਕ ਸ਼ਰਨਜੀਤ ਸਿੰਘ ਬੁੱਤ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਅਤੇ ਇਲਾਕੇ ਦੀਆਂ ਸੰਗਤਾਂ ਹੁੰਮਹੁਮਾ ਕਿ ਇਸ ਸਮਾਗਮ ਵਿੱਚ ਪਹੁੰਚੀਆਂ ਇਸ ਸਮਾਗਮ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਜੀ ਦੇ ਦੀਵਾਨ ਹਾਲ ਵਿੱਚ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਕੀਰਤਨੀ ਜਥੇ ਅਤੇ ਕਥਾ ਵਾਚਕ ,ਕਵੀਸ਼ਰੀ, ਢਾਡੀ ਜਥਿਆਂ ਵੱਲੋਂ ਕਥਾ ਵਿਚਾਰਾਂ ਤੇ ਢਾਡੀ ਵਾਰਾਂ ਗਾ ਕੇ ਗੁਰੂ ਜੱਸ ਸਰਵਣ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਇਸ ਗੁਰਮਤਿ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨਾਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਅੰਮ੍ਰਿਤ ਅਭਿਲਾਸ਼ੀਆਂ ਨੂੰ ਗੁਰੂ ਵਾਲੇ ਬਣਾਇਆ ਇਸ ਦੌਰਾਨ 60 ਦੇ ਕਰੀਬ ਪ੍ਰਾਣੀਆ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਇਸ ਮੌਕੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇ ਅਮਰਜੀਤ ਸਿੰਘ ਬੰਡਾਲਾ ਨੇ ਅੰਮ੍ਰਿਤ ਅਭਿਲਾਖੀਆ ਨੂੰ ਅੰਮ੍ਰਿਤ ਦੀ ਵਡਮੁੱਲੀ ਦਾਤ ਪ੍ਰਾਪਤ ਕਰਨ ਤੇ ਵਧਾਈ ਦਿੱਤੀ ਤੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਉਨ੍ਹਾਂ ਨੇ ਸਿੱਖੀ ਤੋਂ ਦੂਰ ਹੋ ਰਹੇ ਨੌਜਵਾਨਾਂ ਨੂੰ ਅਪੀਲ ਕੀਤੀ ਉਹ ਭੈੜੀਆਂ ਅਲਾਮਤਾਂ ਤੋਂ ਬਚ ਕੇ ਗੁਰੂ ਵਾਲੇ ਬਣਨ ਉਨ੍ਹਾਂ ਨੇ ਨਸ਼ੇ ਦੀ ਗ੍ਰਿਫਤ ਵਿਚ ਆਈ ਨੌਜਵਾਨ ਪੀੜ੍ਹੀ ਨੂੰ ਕਿਹਾ ਕਿ ਉਹ ਨਸ਼ੇ ਦਾ ਤਿਆਗ ਕਰਕੇ ਖੇਡਾਂ ਵਾਲੇ ਪਾਸੇ ਧਿਆਨ ਦੇਣ ਜਿਸ ਨਾਲ ਉਹ ਸਿਹਤਮੰਦ ਹੋਣਗੇ ਅਤੇ ਨਸ਼ੇ ਤੋਂ ਦੂਰ ਰਹਿਣਗੇ ਸਮੇਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਉਹ ਨੌਜਵਾਨਾਂ ਵਾਸਤੇ ਰੋਜ਼ਗਾਰ ਦੇ ਵਸੀਲੇ ਪੈਦਾ ਕਰਨ ਤਾਂ ਜੋ ਪੜ੍ਹੀ ਲਿਖੀ ਨੌਜਵਾਨ ਸਾਡੀ ਵਿਰਾਸਤ ਪੀੜ੍ਹੀ ਹੈ ਉਹ ਵਿਦੇਸ਼ਾਂ ਵਿਚ ਨਾ ਜਾਵੇ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਹੈੱਡ ਗ੍ਰੰਥੀ ਭਾਈ ਸਿੰਘ ਵੱਲੋਂ ਗੁਰੂ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਇਸ ਸਮਾਗਮ ਚ ਕਥਾ ਵਾਚਕ ਭਾਈ ਸੁਖਮਨਜੀਤ ਸਿੰਘ ਬੰਡਾਲਾ, ਭਾਈ ਜੱਜ ਸਾਹਿਬ ਸਿੰਘ, ਰਾਜਵਿੰਦਰ ਸਿੰਘ, ਭਾਈ ਪ੍ਰਗਟ ਸਿੰਘ ਬੰਡਾਲਾ ਗੁਰਮਤਿ ਟੀਚਰ,ਬਲਵੰਤ ਸਿੰਘ ਢੱਡੇ, ਤਰਸੇਮ ਸਿੰਘ ਦੋਧੀ,ਮਲਕੀਅਤ ਸਿੰਘ ਕਾਕਾ, ਨਿਰਵੈਲ ਸਿੰਘ ਕਾਲਾ, ਜਗਜੀਵਨ ਸਿੰਘ, ਹਰਵਿੰਦਰ ਸਿੰਘ



ਧੁੰਨਾ, ਸੁਖਵਿੰਦਰ ਸਿੰਘ ਸ਼ਿੰਦਾ,ਗੁਰਮੀਤ ਸਿੰਘ ਮਰੜੀ, ਜਸਪਾਲ ਸਿੰਘ, ਪ੍ਰਗਟ ਸਿੰਘ ਨਵਾਂ ਪਿੰਡ, ਗੁਰਮੁਖ ਸਿੰਘ ਸੈਦੋਲੇਲ ਪ੍ਰਚਾਰਕ, ਧਰਮ ਪ੍ਰਚਾਰਕ ਭਾਈ ਮਨਦੀਪ ਸਿੰਘ ਆਦਮ, ਭਾਈ ਬਲਵੰਤ ਸਿੰਘ ਢੱਡੇ, ਹਰਦਿਆਲ ਸਿੰਘ, ਗ੍ਰੰਥੀ ਭਾਈ ਗੁਰਪ੍ਰੀਤ ਸਿੰਘ ਤੇ ਦਲਜੀਤ ਸਿੰਘ ਚੀਮਾ ਅਤੇ ਆਦਿ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ ।।

**ਸਾਉਣ** ਦਾ ਮਹੀਨਾ ਦੇਸੀ ਪੰਜਵਾਂ ਮਹੀਨਾ ਹੈ।ਇਹ 16 ਜੁਲਾਈ ਨੂੰ ਆਉਂਦਾ ਹੈ। ਹਾੜ੍ਹ ਮਹੀਨੇ ਦੀਆਂ ਤਪਦੀਆਂ ਧੁੱਪਾਂ ਤੋਂ ਰਾਹਤ ਮਿਲਣ ਦੀ ਆਸ ਹੁੰਦੀ ਹੈ। ਹਾੜ੍ਹ ਵਿੱਚ ਪਾਰਾ 43 ਜਾਂ ਕਦੇ ਕਦੇ 45 ਡਿਗਰੀ ਕਦੀਂ-ਕਦੀਂ 50 ਤੋਂ ਵੀ ਪਾਰ ਚਲਾ ਜਾਂਦਾ ਹੈ।ਕਾਂ ਅੱਖ ਨਿਕਲਦੀ ਹੈ।ਧਰਤੀ ਤਪ-ਤਪ ਕੇ ਸੜ ਜਾਂਦੀ ਹੈ। ਧਰਤੀ ਤੇ ਪੈਰ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ।ਪਿਆਸ ਨਾਲ ਬੁਰਾ ਹਾਲ ਹੋ ਜਾਂਦਾ ਹੈ।ਦਿਲ ਘਬਰਾਉਂਦਾ ਹੈ।ਠੰਡੀਆਂ ਚੀਜਾਂ ਵਸਤਾਂ ਹੀ ਰਾਹਤ ਦਿੰਦੀਆਂ ਹਨ। ਸਾਉਣ ਮਹੀਨਾ ਆਉਣ ਨਾਲ ਮੌਸਮ ਵਿੱਚ ਕਾਫੀ ਹੱਦ ਤੱਕ ਬਦਲਾਅ ਮਹਿਸੂਸ ਕੀਤਾ ਜਾਂਦਾ ਹੈ। ਜਿਹੜੇ ਅਸਮਾਨ ਵੱਲ ਦਿਨੇ ਦੁਪਿਹਰੇ ਸੂਰਜ ਕਾਰਨ ਤੱਕਿਆ ਨਹੀ ਜਾਂਦਾ, ਉਸ ਅਸਮਾਨ ਤੇ ਕਾਲੀਆਂ ਘਨਘੋਰ ਘਟਾਵਾਂ ਛਾ ਜਾਂਦੀਆਂ ਹਨ। ਠੰਡੀਆਂ ਹਵਾਵਾਂ ਰੁੱਖਾਂ ਸੰਗ ਅਠਖੇਲੀਆਂ ਕਰਦੀਆਂ ਅਲਾਹੀ ਸੰਗੀਤ ਪੈਦਾ ਕਰਦੀਆਂ ਹਨ।ਖੇਤ ਹਰੇ ਭਰੇ ਹੋ ਜਾਂਦੇ ਹਨ।ਦਰੱਖਤਾਂ ਦੀ ਰੂਹ ਨਸ਼ਿਆਈ ਜਾਂਦੀ ਹੈ। ਦਰੱਖਤ ਤੇ ਹਰੇ ਭਰੇ ਖੇਤ ਠੰਡੀ-ਠੰਡੀ ਤੇ ਮਿੱਠੀ-ਮਿੱਠੀ ਹਵਾ ਵਿੱਚ ਲਹਿਰਾਉਂਦੇ ਹੋਏ, ਉਸ ਕੁਦਰਤ ਦੀ ਪ੍ਰਸੰਸਾ ਕਰਦੇ ਗੀਤ ਗਾਉਂਦੇ ਹਨ ਤੇ ਖੁਸ਼ੀ ਵਿੱਚ ਖੀਵੇ ਹੋ ਦੂਹਰੇ ਤੀਹਰੇ ਹੋ-ਹੋ ਨੱਚਦੇ, ਟੱਪਦੇ ਤੇ ਬੋਲੀਆਂ ਪਾਉਂਦੇ ਪ੍ਰਤੀਤ ਹੁੰਦੇ ਹਨ।

ਇਸ ਵਾਰ ਹਾੜ੍ਹ ਮਹੀਨਾ ਹੀ ਸਾਉਣ ਮਹੀਨਾ ਬਣਿਆ ਹੋਇਆ ਹੈ।ਸਾਉਣ ਮਹੀਨੇ ਤੋਂ ਦਸ-ਪੰਦਰਾਂ ਦਿਨ ਪਹਿਲਾਂ ਹੀ ਬਰਸਾਤ ਸ਼ੁਰੂ ਹੋ ਗਈ ਹੈ। ਉਹ ਵੀ ਬਹੁਤ ਤੇਜ਼ ਬਾਰਿਸ਼ ਹੋ ਰਹੀ ਹੈ। ਨਦੀਆਂ, ਦਰਿਆ ਚੜ੍ਹੇ ਹੋਏ ਹਨ।ਹਾਲਾਤ ਬਹੁਤ ਮਾੜੇ ਹੋਏ। ਹੜ੍ਹਾਂ ਕਾਰਨ ਸਥਿਤੀ ਨਾਜ਼ੁਕ ਬਣੀ ਹੋਈ ਹੈ।ਦੁਕਾਨਾਂ, ਗੱਡੀਆਂ, ਘਰ, ਖੇਤ, ਡੰਗਰ, ਪਸ਼ੂ ਰੁੜ ਰਹੇ ਹਨ। ਪਸ਼ੂ ਮਰ ਰਹੇ ਹਨ।ਐਸੇ ਵਕਤ ਵਿੱਚ ਸਭ ਨੂੰ ਸੰਜ਼ਮ ਤੋਂ ਕੰਮ ਲੈਣ ਦੀ ਲੋੜ ਹੈ। ਹਿੰਮਤ ਬਣਾਈ ਰੱਖਣ ਦੀ ਲੋੜ ਹੈ।ਇੱਕ ਦੂਜੇ ਦੀ ਮਦਦ ਕਰਨ ਦਾ ਵਕਤ ਹੈ। ਪ੍ਰਮਾਤਮਾ ਸਭ ਭਲੀ ਕਰੇਗਾ।

ਆਵਾਜ਼ਿ ਕੌਮ AWAZE QAUM
International Newspaper & WEB TV



**ਮੋਰਾਂ ਦੀ ਮਸਤੀ**-ਸਾਉਣ ਦੇ ਮਹੀਨੇ ਵਿੱਚ ਜਿੱਥੇ ਫਸਲਾਂ ਲਹਿਰਾਉਂਦੀਆਂ ਤੇ ਪੂਰੀ ਕਾਇਨਾਤ ਨੱਚ ਉੱਠਦੀ ਹੈ, ਉੱਥੇ ਪਸ਼ੂ-ਪੰਛੀ ਵੀ ਖੁਸ਼ੀ ਦੇ ਗੀਤ ਗਾਉਂਦੇ, ਨੱਚਦੇ ਤੇ ਟੱਪਦੇ ਨਜ਼ਰ ਆਉਂਦੇ ਹਨ। ਜਦੋਂ ਅਸਮਾਨ ਵਿੱਚ ਕਾਲੀ ਘਨਘੋਰ ਘਟਾ ਛਾਈ ਹੁੰਦੀ ਹੈ ਤਾਂ ਮੋਰ ਸਭ ਕੁੱਝ ਭੁੱਲ-ਭੁਲਾ ਕੇ ਆਪਣੇ ਖੰਭ ਖਿਲਾਰ ਕੇ ਖੁਸ਼ੀ ਵਿਚ ਪੈਲਾਂ ਪਾਉਂਦਾ ਨਜ਼ਰ ਆਉਂਦਾ ਹੈ।ਪੈਲਾਂ ਪਾਉਣ ਦੌਰਾਨ ਉਹ ਆਪਣੇ ਕੁੱਝ ਖੰਭ ਸੁੱਟ ਜਾਂਦਾ ਹੈ ਤੇ ਬੱਚੇ ਉਹ ਖੰਭ ਆਪਣੀਆਂ ਕਿਤਾਬਾਂ ਵਿੱਚ ਇਸ ਧਾਰਨਾ ਨਾਲ ਰੱਖਦੇ ਹਨ ਕਿ ਪੜ੍ਹਾਈ ਜ਼ਿਆਦਾ ਆਉਂਦੀ ਹੈ। ਮੋਰ ਦੇ ਖੰਭ ਇਤਨੇ ਪਵਿੱਤਰ ਮੰਨੇ ਜਾਂਦੇ ਹਨ ਕਿ ਮੰਦਰਾਂ ਤੇ ਗੁਰਦੁਆਰਿਆਂ ਵਿੱਚ ਵੀ ਇਸਤੇਮਾਲ ਕੀਤੇ ਜਾਂਦੇ ਹਨ।

**ਖੀਰ ਪੂੜੇ**-ਅੱਜ ਵੀ ਯਾਦ ਹੈ, ਜਦ ਛੋਟੇ ਹੁੰਦੇ ਸੀ ਤਾਂ ਪੰਜਾਬ ਦੇ ਪਿੰਡਾਂ ਵਿੱਚ ਸਾਵਣ ਆਉਣ ਤੇ ਘਰਾਂ ਵਿੱਚ ਵਿਆਹ ਵਰਗਾ ਮਾਹੌਲ ਹੁੰਦਾ ਸੀ।ਸਾਂਵੇਂ ਵਾਲੇ ਦਿਨ ਐਤਵਾਰ ਨੂੰ ਮਾੜੇ ਘਰਾਂ ਵਾਲਿਆਂ ਨੇ ਆਟਾ ਤੇ ਗੁੜ ਘੋਲ ਕੇ ਪਿੱਪਲ ਦੇ ਪੱਤਿਆਂ ਨਾਲ ਤਵੇ ਤੇ ਫੈਲਾ ਕੇ ਪੂੜੇ ਬਣਾਉਣੇ। ਨਾਲ ਦੁੱਧ ਦੀ ਖੀਰ ਬਣਾਈ ਜਾਂਦੀ ਸੀ। ਅੰਬ ਦੇ ਆਚਾਰ ਨਾਲ ਉਹ ਪੂੜੇ ਤੇ ਖੀਰ ਖਾਣੀ।ਇਸਦਾ ਆਪਣਾ ਹੀ ਆਨੰਦ ਸੀ।ਤਕੜੇ ਘਰ ਵਾਲਿਆ ਨੇ ਮਾਲ ਪੂੜ੍ਹੇ ਬਣਾ ਲੈਣੇ। ਅੱਜ ਕੱਲ ਦੀ ਨੌਜਵਾਨ ਪੀੜ੍ਹੀ ਇਸ ਸੱਭਿਆਚਾਰ ਤੋਂ ਕੋਹਾਂ ਦੂਰ ਹੈ। ਹੱਥੀਂ ਮਿਹਨਤ ਕਰਨ ਦੀ ਥਾਂ ਬਜ਼ਾਰੋ ਖੀਰ ਪੂੜੇ ਮੰਗਵਾ ਕੇ ਖਾ ਲਏ ਜਾਂਦੇ ਹਨ। ਘਰ ਵਿੱਚ ਬਣਾਏ ਖੀਰ ਪੂੜੇ ਸ਼ੁੱਧ ਸਾਜ਼ੋ ਸਮਾਨ ਨਾਲ ਬਣਾਏ ਸਨ, ਇਸ ਲਈ ਸਿਹਤ ਲਈ ਵੀ ਚੰਗੀ ਰਹਿੰਦੀ ਸੀ। ਅੱਜ ਕੱਲ ਬਜ਼ਾਰ ਵਾਲੇ ਮਿਲਾਵਟੀ ਸਮਾਨ ਨਾਲ ਬਣਾਏ ਜਾਂਦੇ ਹਨ ਤੇ ਸਿਹਤ ਲਈ ਬੀਮਾਰੀਆਂ ਦਾ ਕਾਰਨ ਬਣਦੇ ਹਨ।ਇਸ ਲਈ ਬਜ਼ਾਰੀ ਖਾਣ-ਪੀਣ ਦੇ ਸਮਾਨ ਤੋਂ ਪਰਹੇਜ਼ ਹੀ ਚੰਗਾ ਹੈ।

**ਸਾਂਵੇਂ ਲੱਗਣੇ**-ਹਰ ਪਿੰਡ ਵਿੱਚ ਇੱਕ ਜਗ੍ਹਾ ਮੁਕੱਰਰ ਕੀਤੀ ਜਾਂਦੀ ਸੀ। ਉਸ ਜਗ੍ਹਾ ਪਿੱਪਲ ਜਾਂ ਬੋਹੜ ਦਾ ਦਰੱਖਤ ਜਰੂਰ ਹੁੰਦਾ ਸੀ। ਉਸ ਉੱਤੇ ਕਿਸੇ ਗੱਭਰੂ ਵੱਲੋਂ ਚੜ੍ਹ ਕੇ ਸਭ ਤੋਂ ਉੱਚੇ ਟਾਹਣੇ ਤੇ ਲੰਬੀ ਪੀਂਘ ਪਾਈ ਜਾਂਦੀ ਸੀ।ਮੁਕੱਰਰ ਕੀਤੀ ਉਸ ਜਗ੍ਹਾ ਤੇ ਹਰ ਐਤਵਾਰ ਦੀ ਸ਼ਾਮ ਨੂੰ ਪਿੰਡ ਦੀਆਂ ਪੇਕੇ ਘਰ ਆਈਆਂ ਸੱਜ ਵਿਆਹੀਆਂ ਧੀਆਂ ਧਿਆਣੀਆਂ(ਜੋ ਆਪਣੇ ਪੇਕੇ ਪਿੰਡ ਆਈਆਂ ਹੁੰਦੀਆਂ ਸਨ) ਤੇ ਕੁਆਰੀਆਂ ਕੁੜੀਆਂ ਚਿੜੀਆਂ ਸੱਜ-ਧੱਜ ਕੇ ਸ਼ਾਮ ਨੂੰ ਉਸ ਜਗ੍ਹਾ ਤੇ ਜਾ ਕੇ ਗਿੱਧਾ, ਬੋਲੀਆਂ ਤੇ ਕਿੱਕਲੀਆਂ ਪਾਉਂਦੀਆਂ ਤੇ ਜ਼ਿਦੋ-ਜ਼ਿਦੀ ਇੱਕ ਦੂਜੀ ਤੋਂ ਉੱਚੀ ਪੀਂਘ ਚੜ੍ਹਾਉਂਦੀਆਂ ਸਨ।ਕਈ ਤਾਂ ਇੱਕਲੀਆਂ ਤੇ ਕਈ ਦੋ ਜਣੀਆਂ ਰਲ ਕੇ ਜ਼ੋਰੋ-ਜ਼ੋਰੀ ਪੀਂਘ ਚੜ੍ਹਾਂਉਂਦੀਆਂ ਸਨ।ਦੂਜੇ ਪਾਸੇ ਗੱਭਰੂ ਵੀ ਸੱਜ-ਧੱਜ ਕੇ ਨਵੇਂ ਕੱਪੜੇ ਪਾ ਕੇ ਭੰਗੜੇ ਪਾਉਂਦੇ। ਕਬੱਡੀਆ ਤੇ ਘੋਲ ਕਰਦੇ ਨਾ ਥੱਕਦੇ।ਇਹ ਸਾਂਵੇਂ ਰੂਪੀ ਮੇਲਾ ਦੇਰ ਰਾਤ ਤੱਕ ਚੱਲਦਾ। ਅਖੀਰ ਸਾਰੇ ਇੱਕਠੇ ਹੋ ਕੇ ਉੱਚੀ-ਉੱਚੀ ਗੱਲਾਂ ਕਰਦੇ ਤੇ ਹੱਸਦੇ ਖੇਡਦੇ ਹੋਏ ਘਰਾਂ ਨੂੰ ਪਰਤਦੇ। ਘਰ ਆ ਕੇ ਬਣੇ ਹੋਏ ਖੀਰ ਪੂੜ੍ਹੇਖਾਂਦੇ ਤੇ ਫਿਰ ਸੌਂ ਜਾਂਦੇ। ਫਿਰ ਪੂਰਾ ਹਫਤਾ ਉਸ ਸਾਂਵੇਂ ਤੇ ਆਉਣ ਵਾਲੇ ਅਗਲੇ ਸਾਂਵੇਂ ਬਾਰੇ ਚਰਚਾ ਕਰਦੇ ਰਹਿੰਦੇ।

**ਪੁਰਾਣਾ ਸਾਉਣ**-ਪਿਛਲੇ ਸਮੇਂ ਦੌਰਾਨ ਜਦ ਸਾਉਣ ਮਹੀਨਾ ਆਉਣਾ ਤੇ ਜਦ ਕਾਲੀਆਂ ਘਟਾਵਾਂ ਚੜਣੀਆਂ, ਮੀਂਹ ਪੈਣੇ ਸ਼ੁਰੂ ਹੋਣੇ ਤਾਂ ਕਈ-ਕਈ ਦਿਨ ਕਿਣ-ਮਿਣ ਹੁੰਦੀ ਰਹਿਣੀ। ਨਿੱਕਾ-ਨਿੱਕਾ ਮੀਂਹ ਪੈਂਦਾ ਰਹਿਣਾ।ਕਈ-ਕਈ ਦਿਨ ਝੜੀਆਂ ਲੱਗੀਆਂ ਰਹਿਣੀਆਂ। ਸੂਰਜ ਦੇਵਤਾ ਸਾਉਣ ਵਿੱਚ ਘੱਟ ਹੀ ਦਿਖਾਈ ਦੇਂਦਾ ਸੀ।ਉਦੋਂ ਘਰ ਤਕਰੀਬਨ ਜ਼ਿਆਦਾਤਰ ਕੱਚੀ ਮਿੱਟੀ ਦੇ ਬਣੇ ਹੁੰਦੇ ਸਨ। ਕੋਈ ਵਿਰਲਾ ਟਾਵਾਂ ਹੀ ਹੁੰਦਾ ਸੀ, ਜਿਸਦਾ ਘਰ ਪੱਕਾ ਹੁੰਦਾ ਸੀ।ਘਰਾਂ ਵਿੱਚੋਂ ਬਾਲਣ ਖਤਮ ਹੋ ਜਾਣੇ(ਉਦੋਂ ਗੈਸ ਸਿਲੰਡਰ ਨਹੀ ਹੁੰਦੇ ਸਨ) ਘਰਾਂ ਦੀਆਂ ਛੱਤਾਂ ਚੋਣ ਲੱਗ ਪੈਂਦੀਆਂ ਸਨ। ਛੱਤਾਂ ਚੋਣ ਨਾਲ ਇੱਕਠਾ ਕੀਤਾ ਬਾਲਣ ਜਿਸ ਵਿੱਚ ਪਾਥੀਆਂ, ਛਿਟਕੀਆਂ, ਟਿੱਜ਼ਣ ਜਾਂ ਲੱਕੜਾਂ ਹੋਣੀਆਂ ਤਾਂ ਉਹ ਗਿੱਲੀਆਂ ਹੋ ਜਾਣੀਆਂ। ਬਾਲਣ ਤੋਂ ਬੜੀ ਮੁਸ਼ਕਿਲ ਆਉਣੀ। ਡੰਗਰਾਂ ਦਾ ਸੁੱਕਾ ਚਾਰਾ ਮੁੱਕ ਜਾਣਾ। ਹੋਰ ਮੁਸ਼ਕਿਲ ਵੱਧ ਜਾਣੀ। ਘਰ ਜ਼ਿਆਦਾਤਰ ਕੱਚੇ ਹੋਣ ਨਾਲ ਕਈ-ਕਈ ਦਿਨ ਪੈਂਦੇ ਮੀਂਹ ਕਾਰਨ ਕਿਸੇ ਦਾ ਆਪਣਾ ਰਹਿਣ ਵਾਲਾ ਕੋਠਾ, ਕਿਸੇ ਦਾ ਡੰਗਰਾਂ ਵਾਲਾ ਕੋਠਾ ਜਾਂ ਕਿਸੇ ਦੀ ਕੰਧ ਡਿੱਗਣ ਦੀਆਂ ਅਵਾਜ਼ਾਂ ਸਾਉਣ ਵਿੱਚ ਮਿਲਣੀਆਂ ਆਮ ਗੱਲ ਸੀ। ਜੇ ਕਿਸੇ ਦਾ ਕੋਠਾ ਡਿੱਗ ਪੈਂਦਾ ਜਾਂ ਘਰ ਨੀਵਾਂ ਹੋਣ ਕਰਕੇ ਪਾਣੀ ਆ ਜਾਂਦਾ ਤਾਂ ਲੋਕ ਆਪਣਾ ਜਰੂਰੀ ਤੇ ਕੀਮਤੀ ਸਮਾਨ ਕਿਸੇ ਦੂਜੇ ਦੇ ਘਰ, ਜਿਸਦਾ ਘਰ ਉੱਚੀ ਥਾਂ ਤੇ ਹੁੰਦਾ ਸੀ, ਉਸ ਘਰ ਆਪਣਾ ਸਮਾਨ ਸਿਰਾਂ ਤੇ ਜਾਂ ਗੱਡਿਆ ਤੇ ਲੱਦ ਕੇ ਪਹੁੰਚਾਉਂਦੇ ਆਮ ਵੇਖੇ ਜਾਂਦੇ ਸਨ।(ਮੈਨੂੰ ਧੁੰਦਲਾ-ਧੁੰਦਲਾ ਯਾਦ ਹੈ ਕਿ ਨਿੱਕੇ ਹੁੰਦਿਆਂ ਸਾਡੇ ਘਰ ਵੀ ਪਾਣੀ ਆ ਗਿਆ ਸੀ ਤੇ ਅਸੀਂ ਵੀ ਸਮਾਨ, ਡੰਗਰ ਤੇ ਡੰਗਰਾਂ ਦਾ ਚਾਰਾ ਕਿਸੇ ਉੱਚੀ ਥਾਂ ਵਾਲੇ ਦੇ ਘਰ ਰੱਖਿਆ ਸੀ) ਕਿਸੇ ਦੂਜੇ ਦਾ ਕੰਧ ਕੋਠਾ ਡਿੱਗਾ ਵੇਖ ਕੇ ਸਾਰਿਆਂ ਨੂੰ

ਆਪੋ-ਆਪਣੇ ਕੰਧਾਂ ਕੋਠਿਆਂ ਦਾ ਖਿਆਲ ਸਤਾਉਣ ਲੱਗ ਜਾਣਾ ਕਿ ਜੇ ਕੋਈ ਕੰਧ ਕੋਠਾ ਮੀਂਹ ਵਿੱਚ ਡਿੱਗ ਪਿਆ ਤਾਂ ਇਸ ਬਾਰਸ਼ ਵਿੱਚ ਕਿੱਥੇ ਜਾਵਾਂਗੇ ਜਾਂ ਡੰਗਰ ਕਿੱਥੇ ਬੰਨ੍ਹਾਂਗੇ।ਲੋਕ ਮੀਂਹ ਘੱਟ ਹੋਣ ਤੇ ਕੋਠਿਆਂ ਤੇ ਚੜ੍ਹ ਕੇ ਛੱਤਾਂ ਵੇਖਦੇ ਨਜ਼ਰੀ ਪੈਂਦੇ ਸਨ। ਕਈ ਨੀਵੇਂ ਘਰ ਹੋਣ ਕਰਕੇ ਬਾਲਟੀ ਡੱਬਿਆ ਨਾਲ ਪਾਣੀ ਬਾਹਰ ਕੱਢਦੇ ਸਨ।ਅੱਜ ਕੱਲ ਇਹ ਸਭ ਕੁੱਝ ਨਹੀ ਹੈ। ਇਨਸਾਨ ਲਈ ਬਹੁਤ ਸੁੱਖ ਸਹੂਲਤਾਂ ਹੋ ਗਈਆਂ ਹਨ। ਜ਼ਿਆਦਾ ਮੀਂਹ ਪੈਣ ਨਾਲ ਬਾਹਰ ਗਲੀਆਂ, ਨਾਲੀਆਂ, ਛੱਪੜ, ਟੋਭਿਆਂ ਵਿੱਚ ਪਾਣੀ ਭਰ ਜਾਣਾ। ਛੱਪੜਾਂ, ਟੋਭਿਆਂ ਵਿੱਚ ਨਹਾਉਂਦੇ ਫਿਰਨਾ। ਉਸ ਪਾਣੀ ਵਿੱਚ ਕਾਗਜ਼ ਦੀਆਂ ਬੇੜੀਆਂ, ਕਿਸ਼ਤੀਆਂ ਬਣਾ ਕੇ ਤਾਰਨੀਆਂ। ਗਲੀਆਂ ਵਚ ਸਾਈਕਲ ਦਾ ਟਾਇਰ ਲੈ ਕੇ ਪਾਣੀ ਵਿੱਚ ਨੰਗ-ਧੜੰਗੇ ਟਾਇਰ ਭਜਾਈ ਫਿਰਨੇ। ਇੱਕ ਦੂਜੇ ਉੱਤੇ ਛਿੱਟੇ ਪਾਉਣੇ ਤੇ ਉੱਚੀ-ਉੱਚੀ ਗਾਉਂਦੇ ਫਿਰਨਾ ਕਿ:

**ਕਾਲੀਆਂ ਇੱਟਾਂ ਕਾਲੇ ਰੋੜ**
**ਮੀਂਹ ਵਰਾ ਦੇ ਜ਼ੋਰੋ ਜ਼ੋਰ**

--( )

**ਰੱਬਾ ਰੱਬਾ ਮੀਂਹ ਵਰਾ**
**ਸਾਡੀ ਕੋਠੀ ਦਾਣੇ ਪਾ**

--( )

**ਧਾਰਮਿਕ ਮਹੱਤਤਾ**-ਮਹਾਨ ਕੋਸ਼ ਦੇ ਲਿਖਾਰੀ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਸੰਸਕ੍ਰਿਤ ਦੇ ਸ਼੍ਰਾਵਣ, ਸੰਗਿਆ ਸ਼ਰਵਣ, ਨਛਤ੍ਰ ਹੋਵੇ ਜਿਸ ਦੀ ਪੂਰਨਮਾਸ਼ੀ ਵਿੱਚ ਐਸਾ ਮਹੀਨਾ ਹੈ ਸਾਉਣ।ਤਕਰੀਬਨ-ਤਕਰੀਬਨ ਸਾਰੇ ਗੁਰੂ ਸਹਿਬਾਨਾਂ ਵੱਲੋਂ ਪਵਿੱਤਰ ਗੁਰਬਾਣੀ ਵਿੱਚ ਸਾਉਣ ਮਹੀਨੇ ਦਾ ਜ਼ਿਕਰ ਕੀਤਾ ਗਿਆ ਹੈ।ਗੁਰੂ ਨਾਨਕ ਸਾਹਿਬ ਜੀ ਆਪਣੀ ਰਚਨਾ ਵੰਡਹੰਸੁ ਮਹਲਾ 1 ਘਰ 2 ਵਿੱਚ ਜ਼ਿਕਰ ਕਰਦੇ ਹਨ ਕਿ:

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ।।
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵੰਡਹੰਸੁ ਮਹਲਾ 1, ਘਰ 2, ਅੰਗ-557)

ਸਲੋਕ ਮ:2

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ।।
ਨਾਨਕ ਝੂਰਿ ਮਰਹਿ ਦੋਹਾਗਣੀ ਜਿਨ ਅਵਰੀ ਲਾਗਾ ਨੇਹੁ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਮ:2, ਅੰਗ-1280)

ਮ: 4

ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ।।
(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ: 4, ਅੰਗ-1250)

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ।।
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, , ਬਾਰਹ ਮਾਹਾ ਮਾਂਝ ਮਹਲਾ:5, ਘਰੁ 4,ਅੰਗ-134)

**ਛੰਤੁ**

ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ।।
ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਛੰਤੁ, ਅੰਗ-928)

**ਰਾਗੁ ਆਸਾ**

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ।।
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ।।
ਚਲੇ ਚਲਣਹਾਰ ਵਿਚਾਰਾ ਲੇਇ ਮਨੋ।।
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਆਸਾ, ਅੰਗ-488)

ਸਾਵਣ ਲਹਿਰ ਤਰੰਗ ਨੀਰੁ ਨੀਵਾਣਿਆ।
(ਭਾਈ ਗੁਰਦਾਸ ਜੀ, ਵਾਰ 19ਵੀਂ, ਪਉੜੀ 9ਵੀਂ)

ਸਾਵਣ ਵਣ ਹਰੀਆਵਲੇ ਵੁਠੇ ਸੁਕੇ ਅਕੁ ਜਵਾਹਾ।
(ਭਾਈ ਗੁਰਦਾਸ ਜੀ, ਵਾਰ 31ਵੀਂ, ਪਉੜੀ 3ਜੀਂ)

**ਸਾਵਣ ਪ੍ਰਤੀ ਗੀਤ, ਲੋਕ ਗੀਤ**-ਸਾਵਣ ਦੇ ਮਹੀਨੇ ਦਾ ਜ਼ਿਕਰ ਜਿਸ ਤਰ੍ਹਾਂ ਗੁਰਬਾਣੀ ਵਿੱਚ ਕਈ ਵਾਰ ਆਇਆ ਹੈ, ਇਸੇ ਤਰ੍ਹਾਂ ਹੀ ਸਮੇਂ-ਸਮੇਂ ਤੇ ਕਵੀਆਂ ਨੇ ਵੀ ਸਾਵਣ ਦਾ ਬਾਖੂਬੀ ਜ਼ਿਕਰ ਕਰਦਿਆਂ ਅਨੇਕਾਂ ਹੀ ਗੀਤ ਰਚੇ ਹਨ। ਕਈ ਗੀਤ ਤਾਂ ਲੋਕ ਗੀਤਾਂ ਦੀ ਪੱਦਵੀ ਧਾਰਨ ਕਰ ਗਏ ਹਨ। ਸਾਰੇ ਤਾਂ ਨਹੀ ਸਾਉਣ ਮਹੀਨੇ ਨਾਲ ਵਾਹ-ਵਾਸਤਾ ਰੱਖਣ ਵਾਲੇ ਕੁੱਝ ਕੁ ਗੀਤਾਂ ਦਾ ਜ਼ਿਕਰ ਇੱਥੇ ਕਰਾਂਗੇ ਜਿਵੇਂ:

ਬਾਬਾ ਬੁੱਲ੍ਹੇ ਸ਼ਾਹ ਆਪਣੇ ਬਾਰਾਂ ਮਾਹ ਵਿੱਚ ਦੇਸੀ ਬਾਰਾਂ ਮਹੀਨਿਆਂ ਦਾ ਬਾਖੂਬੀ ਜ਼ਿਕਰ ਕਰਦੇ ਹਨ।ਸਾਉਣ ਮਹੀਨੇ ਬਾਰੇ ਵੀ ਉਹ ਆਪਣੇ ਜ਼ਜ਼ਬਾਤ ਪ੍ਰਗਟ ਕਰਦੇ ਲਿੱਖਦੇ ਹਨ ਕਿ:

ਸਾਵਣ ਸੋਹੇ ਮੇਂਘਲਾ ਘਟ ਸੋਹੇ ਕਰਤਾਰ
ਠੋਰ ਠੋਰ ਅਨਾਇਤ ਬਸੇ ਪਪੀਹਾ ਕਰੇ ਪੁਕਾਰ

ਸੋਹਣ ਮਲਿਹਾਰਾਂ ਸਾਰੇ ਸਾਵਣ, ਦੂਤੀ ਦੁੱਖ ਲੱਗੇ ਉੱਠ ਜਾਵਣ
ਨੀਂਗਰ ਖੇਡਣ ਕੁੜੀਆਂ ਗਾਵਣ, ਮੈਂ ਘਰ ਰੰਗ ਰੰਗੀਲੇ ਆਵਣ
ਆਸਾਂ ਪੁੰਨੀਆਂ
ਮੇਰੀਆਂ ਆਸਾਂ ਰੱਬ ਪੁਚਾਈਆਂ, ਮੈਂ ਤਾਂ ਉਠਾ ਸੰਗ ਅੱਖੀਆਂ ਲਾਈਆਂ
ਸਈਆਂ ਦੇਣ ਮੁਬਾਰਕ ਆਈਆਂ, ਸ਼ਾਹ ਅਨਾਇਤ ਆਖਾਂ ਸਾਈਆਂ

**ਆਸਾਂ ਪੁੰਨੀਆਂ**

-----()-----

ਬੜੇ ਮਹਾਨ ਕਵੀ ਹੋਏ ਹਨ, ਭਾਈ ਵੀਰ ਸਿੰਘ ਜੀ। ਉਹ ਆਪਣੀ 'ਕੰਤ ਮਹੇਲੀ ਬਾਰਾਂ ਮਾਹ' ਨਾਂਅ ਦੀ ਕਿਤਾਬ ਵਿੱਚ 'ਸਾਵਣ' ਕਵਿਤਾ ਰਾਹੀਂ ਸੰਬੋਧਨ ਹੁੰਦੇ ਲਿਖਦੇ ਹਨ ਕਿ:

ਚੜ੍ਹਿਆ ਸਾਵਣ ਮਹੀਨਾ
ਸਹੀਆਂ ਪੀਘਾਂ ਨੇ ਪਾਈਆਂ।
ਸੂਲਾਂ ਵੱਜਣ ਕਲੇਜੇ
ਝਿੱਕੀ ਮੰਜ਼ੀ ਤੇ ਪਈਆਂ।
ਸਹੀਆਂ ਟੁੰਬਦੀਆਂ ਆ ਜਾ
'ਉੱਠ ਨੀ ਸਾਂਵੇਂ' ਨੀ ਆਏ
ਅਨੀਓ! ਮਾਹੀ ਵਿਹੂਣੀ,
ਦੁੱਖਾਂ ਮਾਰ ਮੁਕਈਆਂ।
ਟੁਰ ਗਿਆ ਦੇਸ ਬਿਦੇਸੀਂ
ਛਡ ਕੇ ਹਾਇ ਇੱਕਲੀ,
ਰੋ ਰੋ ਹੋਈ ਹਾਂ ਝੱਲੀ
ਜੀਉਂਦੀ ਕਾਹਨੂੰ ਹਾਂ ਰਹੀਆਂ।

--()

ਬਾਬੂ ਫ਼ੀਰੋਜ਼ਦੀਨ ਸ਼ਰਫ ਵੀ ਸਾਵਣ ਮਹੀਨੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਲਿੱਖਦੇ ਹਨ ਕਿ:

ਸਾਵਣ ਸੀਸ ਗੁੰਦਾ ਕੇ ਸਈਆਂ,
ਹਾਰ-ਸ਼ਿੰਗਾਰ ਸਜ਼ਾਏ ਨੇ।
ਮਿੱਠੇ-ਮਿੱਠੇ ਗੀਤ ਮਾਹੀ ਦੇ,
ਸਭਨਾਂ ਰਲ ਮਿਲ ਗਾਏ ਨੇ।

--()

ਪ੍ਰਸਿੱਧ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਵੀ ਸਾਵਣ ਮਹੀਨੇ ਸਬੰਧੀ ਆਪਣੇ ਹਾਵ-ਭਾਵ ਪ੍ਰਗਟ ਕਰਦੀ ਲਿੱਖਦੀ ਹੈ ਕਿ:

ਉਮੜ-ਉਮੜ ਕੇ ਬੱਦਲ ਆਇਆ,
ਕਣੀ ਕਣੀ ਵੱਸ ਜਾਣਾ।
ਭਰਿਆ ਤ੍ਰਿੰਝਣ ਡਾਰ ਕੂੰਜ਼ਾਂ ਦੀ,
ਸਭਨਾਂ ਨੇ ਉੱਡ ਜਾਣਾ।

--()

ਲ਼ਾਲਾ ਧਨੀ ਰਾਮ ਚਾਤ੍ਰਿਕ ਦੀ ਬੜੀ ਸੋਹਣੀ ਕਵਿਤਾ ਜੋ ਉਹਨਾਂ ਸਾਉਣ ਮਹੀਨੇ ਬਾਰੇ ਲਿਖੀ ਹੈ। ਇਸ ਕਵਿਤਾ ਵਿੱਚ ਉਹਨਾਂ ਪਿੰਡ ਵਿਚਲੇ ਸਾਉਣ ਦਾ ਬਾਖੂਬੀ ਚਿਤ੍ਰਣ ਕੀਤਾ ਹੈ।ਮੈਂ ਇੱਥੇ ਸਾਰੀ ਕਵਿਤਾ ਦੱਸਣੀ ਚਾਹਾਗਾਂ।

ਸਾਉਣੀ ਮਾਂਹ, ਝੜੀਆਂ ਗਰਮੀ ਝਾੜ ਸੁੱਟੀ,
ਧਰਤੀ ਪੁੰਗਰੀ ਟਹਿਕੀਆਂ ਡਾਲੀਆਂ ਨੇ।
ਰਾਹ ਰੋਕ ਲਏ ਛੱਪੜਾਂ-ਟੋਭਿਆਂ ਨੇ,
ਨਦੀਆਂ ਨਾਲਿਆਂ ਜੂਹਾਂ ਰੰਗਾਲੀਆਂ ਨੇ।
ਧਾਈਂ ਉਸਰੇ, ਨਿੱਸਰੀ ਚਰ੍ਹੀ ਮੱਕੀ,
ਤੇ ਕਪਾਹੀਂ ਨਾ ਜਾਣ ਸੰਭਾਲੀਆਂ ਨੇ।
ਜੰਮੂ ਰਸੇ ਅਨਾਰ ਵਿੱਚ ਆਈ ਸ਼ੀਰੀਂ,
ਚੜ੍ਹੀਆਂ ਸਬਜ਼ੀਆਂ ਨੂੰ ਗਿੱਠ ਗਿੱਠ ਲਾਲੀਆਂ ਨੇ।
ਤਿੜ੍ਹਾਂ ਤਿੜਕੀਆਂ, ਪੱਠਿਆਂ ਲਹਿਰ ਲਾਈ,
ਡੰਗਰ ਛੱਡ ਦਿੱਤੇ ਖੁੱਲ੍ਹੇ ਪਾਲੀਆਂ ਨੇ।
ਵੱਟਾਂ ਬੱਧੀਆਂ, ਜੋਤਰੇ ਖੋਲ੍ਹ ਦਿੱਤੇ,
ਛਾਵੇਂ ਮੰਜ਼ੀਆਂ ਡਾਹੀਆਂ ਹਾਲੀਆਂ ਨੇ।
ਪੇਕੀਂ ਬੈਠੀਆਂ ਤਾਈਂ ਦਿਹਾਰ ਆਏ,
ਤੇ ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ।

ਵੰਗਾਂ-ਚੂੜ੍ਹੀਆਂ ਪਹਿਨੀਆਂ ਕੁਆਰੀਆਂ ਨੇ,
ਰੰਗ ਚੁੰਨੀਆਂ, ਮਹਿੰਦੀਆਂ ਲਾਈਆਂ ਨੇ।
ਖੀਰਾਂ ਰਿੱਝੀਆਂ, ਪੂੜਿਆਂ ਡੰਡ ਲਾਹੀ,
ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ।
ਗਿੱਧੇ ਵੱਜਦੇ, ਕਿਲਕਿਲੀ ਮੱਚਦੀ ਏ,
ਘਟਾਂ ਕਾਲੀਆਂ ਵੇਖ ਕੇ ਛਾਈਆਂ ਨੇ।
ਸੇਂਚੀ ਖੇਡਦੇ ਗੱਭਰੂ ਪਿੜਾਂ ਅੰਦਰ,
ਛਿੰਝਾਂ ਪਾਉਂਦੇ ਤੇ ਛਾਲਾਂ ਲਾਉਂਦੇ ਨੇ।
ਲੋਕੀਂ ਖੁਸ਼ੀ ਅੰਦਰ ਖੀਵੇ ਹੋਏ ਚਾਤ੍ਰਿਕ,
ਸਾਉਣ ਮਾਹ ਦੇ ਸੋਹਲੇ ਗਾਉਂਦੇ ਨੇ।

--()--

ਤੀਆਂ ਧੀਆਂ ਦੀਆਂ-

ਸਾਵਣ ਦੇ ਮਹੀਨੇ ਵਿੱਚ ਨਵ-ਵਿਆਹੀਆਂ ਨੂੰ ਉਸਦਾ ਭਰਾ ਸਹੁਰੇ ਘਰੋਂ ਲੈਣ ਜਾਂਦਾ ਹੈ।ਭਰਾ ਨੂੰ ਵੇਖ ਕੇ ਭੈਣ ਦੂਣੀ-ਚੋਣੀ ਹੋਈ ਫਿਰਦੀ ਧਰਤੀ ਪੱਬ ਨੀ ਲਾਉਂਦੀ।ਹੱਸਦੀ ਟੱਪਦੀ ਖੁਸ਼ੀ-ਖੁਸ਼ੀ ਆਪਣੇ ਵੀਰ ਲਈ ਵੰਨ-ਸੁਵੰਨੇ ਖਾਣੇ ਬਣਾਉਂਦੀ ਹੈ। ਜੇ ਕਿਸੇ ਅੜ੍ਹਬ ਸੱਸ ਨੇ ਭਰਾ ਲਈ ਬਹੁਤੇ ਸਵਾਦਿਸ਼ਟ ਪਕਵਾਨ ਬਣਾਉਣ ਦੀ ਆਗਿਆ ਨਹੀ ਦਿੱਤੀ ਤਾਂ ਨੂੰਹ ਆਪਣੀ ਸੱਸ ਨੂੰ ਦੱਬਵੀਂ ਅਵਾਜ਼ ਵਿੱਚ ਮਿਹਣਾ ਮਾਰਦੀ ਹੋਈ ਕਹਿੰਦੀ ਹੈ ਕਿ:

ਸੱਸੇ ਤੇਰੀ ਮਹਿ ਮਰ ਜੇ,
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।

ਪੇਕੇ ਘਰ ਜਾਣ ਲਈ ਭੈਣ ਕਾਹਲੀ ਹੁੰਦੀ ਹੈ। ਜੇ ਕਿਸੇ ਭੈਣ ਦਾ ਭਰਾ ਕਿਸੇ ਕਾਰਨ ਕਰਕੇ ਸਾਉਣ ਵਿੱਚ ਆਪਣੀ ਭੈਣ ਨੂੰ ਲੈਣ ਨਾ ਸਕੇ ਤਾਂ ਸੱਸ ਮਿਹਣਾ ਮਾਰਦੀ ਹੈ।

ਤੈਨੂੰ ਤੀਆਂ ਤੇ ਲੈਣ ਨਾ ਆਏ,
ਨੀ ਬਹੁਤਿਆਂ ਭਰਾਵਾਂ ਵਾਲੀਏ।

ਭੈਣ ਆਪਣੇ ਭਰਾ ਨਾਲ ਪੇਕੇ ਘਰ ਆ ਕੇ ਇਸ ਤਰ੍ਹਾਂ ਮਹਿਸੂਸ ਕਰਦੀ ਹੈ ਜਿਵੇਂ ਪੰਛੀ ਪਿੰਜਰੇ ਵਿੱਚੋਂ ਬਾਹਰ ਨਿਕਲ ਕੇ ਅਜ਼ਾਦ ਫ਼ਿਜਾ ਵਿੱਚ ਉਡਾਰੀਆਂ ਲਾ ਕੇ ਖੁਸ਼ ਹੁੰਦਾ ਹੈ।ਉਹ ਆਪਣੀਆਂ ਦੂਜੀਆਂ ਵਿਆਹੀਆਂ ਤੇ ਪੇਕੇ ਪਿੰਡ ਆਈਆਂ ਸਹੇਲੀਆਂ ਨੂੰ ਮਿਲਣ ਲਈ ਉਤਾਵਲੀ ਹੁੰਦੀ ਹੈ। ਸਾਰੀਆਂ ਵਿਆਹੀਆਂ ਤੇ ਕੁਆਰੀਆਂ ਕੁੜੀਆਂ ਚਿੜੀਆਂ ਇੱਕਠੀਆਂ ਹੋ ਕੇ ਐਤਵਾਰ ਨੂੰ ਸਾਂਵੇਂ ਵਾਲੇ ਤੀਆਂ ਵਾਲੇ ਦਿਨ ਝੁਰਮਟ ਪਾਉਂਦੀਆਂ, ਨੱਚਦੀਆਂ, ਟੱਪਦੀਆਂ ਕਿੱਕਲੀਆਂ ਪਾਉਂਦੀਆਂ ਤੇ ਖੁਸ਼ੀ ਦੇ ਗੀਤ ਗਾਉਂਦੀਆਂ ਹਨ। ਨਵੀਆਂ ਵਿਆਹੀਆਂ ਆਪੋ ਆਪਣੇ ਸਹੁਰਿਆਂ ਦੀਆਂ ਸਿਫਤਾਂ ਤੇ ਖਾਮੀਆਂ ਆਪਣੀਆਂ ਸਹੇਲੀਆਂ ਨਾਲ ਸਾਂਝੀਆਂ ਕਰਦੀਆਂ ਹਨ ਕਿਉਂਕਿ ਜੋ ਅਸੀਂ ਆਪਣੇ ਦੋਸਤਾਂ ਮਿੱਤਰਾਂ ਨਾਲ ਖੁੱਲ਼ ਕੇ ਗੱਲਬਾਤ ਕਰ ਸਕਦੇ ਹਾਂ ਸ਼ਾਇਦ ਹੋਰ ਕਿਸੇ ਨਾਲ ਨਹੀ। ਕਈ ਨਵ ਵਿਆਹੀਆਂ ਦੇ ਕੰਤ ਬੜੇ ਚਲਾਕ ਚੁਸਤ ਹੁੰਦੇ ਹਨ, ਉਹ ਕੋਈ ਨਾ ਕੋਈ ਬਹਾਨਾ ਬਣਾ ਲੈਂਦੇ ਹਨ ਕਿ ਮਾਂ ਬੀਮਾਰ ਹੋ ਗਈ ਹੈ, ਬਾਪੂ ਦਾ ਤਿਲਕ ਕੇ ਪੈਰ ਦਾ ਮਾਸ ਪਾਟ ਗਿਆ ਹੈ,ਵਗੈਰਾ-ਵਗੈਰਾ। ਉਹ ਦੂਜੇ ਜਾਂ ਤੀਜੇ ਸਾਂਵੇਂ ਹੀ ਆਪਣੀ ਦੁਲਹਨ ਨੂੰ ਲੈ ਜਾਂਦੇ ਹਨ ਤੇ ਆਖ਼ਿਰ ਜਦ ਸਾਵਣ ਖਤਮ ਹੋ ਜਾਂਦਾ ਹੈ ਤਾਂ ਸਭ ਨੇ ਵਿਛੜਣਾ ਹੁੰਦਾ ਹੈ ਤਾਂ ਇਹ ਗੀਤ ਚੇਤੇ ਆਉਂਦਾ ਹੈ।

ਸਾਉਣ ਵੀਰ ਇੱਕਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਾਵੇ।

--()

ਤੀਆਂ ਤੀਜ਼ ਦੀਆਂ, ਵਰੇ ਦਿਨਾਂ ਨੂੰ ਫੇਰ।

ਇਹ ਧੀਆਂ ਧਿਆਣੀਆਂ ਦਿਲ ਤੇ ਪੱਥਰ ਰੱਖ ਕੇ ਅਗਲੇ ਸਾਉਣ ਫਿਰ ਮਿਲਣ ਦੀ ਆਸ ਨਾਲ ਇੱਕ ਦੂਜੀ ਕੋਲੋਂ ਵਾਅਦਾ ਲੈ ਕੇ ਅਣਮੰਨੇ ਮਨ ਨਾਲ ਵਿੱਛੜ ਜਾਂਦੀਆਂ ਹਨ।

**-ਧਰਮਿੰਦਰ ਸਿੰਘ (ਚੱਬਾ),**
**ਪਿੰਡ ਤੇ ਡਾਕ:ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ**

# ਗੁਰਬਾਣੀ ਅਤੇ ਸਿੱਖ ਇਤਿਹਾਸ 'ਚ ਸਾਵਣ ਮਹੀਨਾ

-ਕਿਰਪਾਲ ਸਿੰਘ ਬਠਿੰਡਾ



ਜਦੋਂ ਹਾੜ ਦਾ ਮਹੀਨਾ ਭਰ-ਜੁਆਨੀ ਭਾਵ ਆਪਣੀ ਪੂਰੀ ਤਪਸ਼ ਦਾ ਜਲਵਾ ਵਿਖਾ ਰਿਹਾ ਹੁੰਦਾ ਹੈ ਤਾਂ ਸੂਰਜ ਦਾ ਰੱਥ ਫਿਰਦਾ ਹੈ, ਜਿਸ ਨਾਲ ਖਗੋਲ ਵਿਗਿਆਨ ਦੇ ਨਿਯਮਾਂ ਅਨੁਸਾਰ ਪੰਜਾਬ 'ਚ ਵਰਖਾ ਰੁੱਤ ਸ਼ੁਰੂ ਹੋ ਜਾਂਦੀ ਹੈ, ਜੋ ਬੜੀ ਸੁਹਾਵਣੀ ਹੁੰਦੀ ਹੈ। ਜੀਵ-ਜੰਤ ਸਮੇਤ ਧਰਤੀ ਦੀ ਸਾਰੀ ਬਨਸਪਤੀ ਗਰਮੀ ਤੋਂ ਛੁਟਕਾਰਾ ਪਾ ਕੇ ਅਨੰਦ ਮਾਣਦੀ ਹੈ। ਰੁੱਤਾਂ ਦੀ ਵੰਡ ਅਨੁਸਾਰ ਸਾਵਣ ਅਤੇ ਭਾਦੋਂ ਦੋ ਮਹੀਨੇ ਵਰਖਾ ਰੁੱਤ ਦੇ ਹੁੰਦੇ ਹਨ। ਬਿਕ੍ਰਮੀ ਸੰਮਤ 'ਚ ਸਾਵਣ; ਚੌਥਾ ਮਹੀਨਾ ਤੇ ਨਾਨਕਸ਼ਾਹੀ ਸੰਮਤ 'ਚ ਪੰਜਵਾਂ ਮਹੀਨਾ ਹੁੰਦਾ ਹੈ। ਨਾਨਕਸ਼ਾਹੀ ਕੈਲੰਡਰ 'ਚ ਮਹੀਨੇ ਦਾ ਅਰੰਭ; ਹਰ ਸਾਲ 1 ਸਾਵਣ 16 ਜੁਲਾਈ ਨੂੰ ਹੁੰਦਾ ਹੈ ਤੇ ਹੁੰਦਾ ਰਹੇਗਾ ਜਦੋਂ ਕਿ ਬਿਕ੍ਰਮੀ ਕੈਲੰਡਰ ਅਨੁਸਾਰ ਸੰਗਰਾਂਦ ਅੱਜ ਕੱਲ੍ਹ ਤਾਂ ਹਰ ਸਾਲ 16 ਜੁਲਾਈ ਨੂੰ ਹੁੰਦੀ ਹੈ, ਪਰ 4 ਸਾਲ ਪਿੱਛੋਂ

ਆਵਾਜ਼ਿ ਕੌਮ
AWAZE QAUM
International Newspaper & WEB TV

2027 'ਚ 17 ਜੁਲਾਈ ਨੂੰ ਹੋਵੇਗੀ ਅਤੇ ਉਸ ਤੋਂ ਬਾਅਦ 3 ਸਾਲ 16 ਜੁਲਾਈ ਅਤੇ ਫਿਰ ਹਰ ਚੌਥੇ ਸਾਲ 17 ਜੁਲਾਈ ਨੂੰ ਹੋਇਆ ਕਰੇਗੀ। 43 ਸਾਲਾਂ ਬਾਅਦ ਭਾਵ 2066 ਤੋਂ ਪਿੱਛੋਂ ਦੋ ਸਾਲ 16 ਜੁਲਾਈ ਅਤੇ ਦੋ ਸਾਲ 17 ਜੁਲਾਈ ਕੁਝ ਹੋਰ ਸਮੇਂ ਪਿੱਛੋਂ 3 ਸਾਲ 17 ਜੁਲਾਈ ਅਤੇ ਇੱਕ ਸਾਲ 16 ਜੁਲਾਈ ਨੂੰ ਆਇਆ ਕਰੇਗੀ। ਅਗਾਂਹ ਹਰ ਸਾਲ 17 ਜੁਲਾਈ ਨੂੰ ਆਇਆ ਕਰੇਗੀ। ਇਸ ਤਰ੍ਹਾਂ ਹੌਲ਼ੀ ਹੌਲ਼ੀ ਸਮਾਂ ਪਾ ਕੇ ਜੁਲਾਈ ਦੀ ਬਜਾਏ ਅਗਸਤ ਮਹੀਨੇ ਅਤੇ ਫਿਰ ਕਦੀ ਸਤੰਬਰ ਮਹੀਨੇ 'ਚ ਪਹੁੰਚ ਜਾਵੇਗੀ।

ਗ੍ਰੈਗੋਰੀਅਨ ਕੈਲੰਡਰ ਰੁੱਤੀ ਸਾਲ ਹੋਣ ਕਰਕੇ ਵਰਖਾ ਰੁੱਤ ਹਰ ਸਾਲ 20-21 ਜੂਨ ਤੋਂ ਹੀ ਸ਼ੁਰੂ ਹੋਇਆ ਕਰੇਗੀ, ਪਰ ਇਸ ਹਿਸਾਬ ਮੁਤਾਬਕ ਇੱਕ ਦਿਨ ਐਸਾ ਵੀ ਆਵੇਗਾ ਜਦੋਂ ਬਿਕ੍ਰਮੀ ਸੰਮਤ 'ਚ ਇਹੀ ਵਰਖਾ ਰੁੱਤ ਸਾਵਣ ਭਾਦੋਂ ਦੀ ਬਜਾਏ ਪਹਿਲਾਂ ਜੇਠ ਹਾੜ ਮਹੀਨੇ 'ਚ ਹੀ ਆ ਜਾਇਆ ਕਰੇਗੀ। ਸਪਸ਼ਟ ਹੈ ਕਿ ਉਸ ਸਮੇਂ ਬਿਕ੍ਰਮੀ ਕੈਲੰਡਰ ਦੀਆਂ ਰੁੱਤਾਂ ਦਾ ਸੰਬੰਧ ਗੁਰਬਾਣੀ ਵਿੱਚ ਦਰਜ ਰੁੱਤਾਂ ਨਾਲੋਂ ਪੂਰੀ ਤਰ੍ਹਾਂ ਟੁੱਟ ਜਾਵੇਗਾ, ਇਸ ਲਈ ਸਾਨੂੰ ਜਲਦੀ ਤੋਂ ਜਲਦੀ ਰੁੱਤੀ (Tropical) ਨਾਨਕਸ਼ਾਹੀ ਕੈਲੰਡਰ ਅਪਣਾਅ ਲੈਣਾ ਚਾਹੀਦਾ ਹੈ ਤਾਂ ਜੋ ਸਿੱਖ ਇਤਿਹਾਸ 'ਚ ਦਰਜ ਹੋਣ ਵਾਲ਼ੀਆਂ ਤਾਰੀਖ਼ਾਂ ਅਤੇ ਗੁਰਬਾਣੀ 'ਚ ਦਰਜ ਰੁੱਤਾਂ; ਇੱਕ ਸਮਾਨ ਰਹਿਣ।

ਹੁਣ ਪਹਿਲਾਂ ਸਾਲ ਦੀ ਤੀਜੀ ਰੁੱਤ (ਵਰਖਾ ਰੁੱਤ) ਨਾਲ਼ ਸੰਬੰਧਿਤ "ਰਾਮਕਲੀ ਮਹਲਾ 5 ਰੁਤੀ ਸਲੋਕ" ਸਿਰਲੇਖ ਹੇਠ ਬਾਣੀ ਦੇ ਛੰਦ ਨੰਬਰ 4 ਦੀ ਤਰਤੀਬਵਾਰ ਵਿਚਾਰ ਕਰਦੇ ਹਾਂ। ਭਾਦੋਂ ਦੇ ਮਹੀਨੇ ਦੀ ਵਿਚਾਰ ਅਗਲੇ ਅੰਕ 'ਚ ਕੀਤੀ ਜਾਵੇਗੀ। ਸਾਵਣ ਮਹੀਨੇ ਨਾਲ਼ ਸੰਬੰਧਿਤ ਦੋਵੇਂ ਬਾਰਹਮਾਹਾ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁੱਝ ਹੋਰ ਸ਼ਬਦ ਵੀ ਹਨ। ਇਨ੍ਹਾਂ ਸਾਰਿਆਂ ਵਿੱਚ ਇੱਕੋ ਗੱਲ ਸਮਝਾਈ ਗਈ ਹੈ ਕਿ ਸਾਵਣ ਮਹੀਨੇ ਦੇ ਮੌਸਮ ਦਾ ਪ੍ਰਭਾਵ ਜ਼ਿੰਦਗੀ ਉੱਤੇ ਜਿਸ ਤਰ੍ਹਾਂ ਪੈਂਦਾ ਹੈ; ਵੈਸੇ ਹੀ ਮਨ 'ਤੇ ਚੰਗਾ ਮੰਦਾ ਪ੍ਰਭਾਵ ਨਾਲ਼ ਅਵਸਥਾ ਹੁੰਦੀ ਹੈ; ਜਿਵੇਂ ਕਿ ਸ਼ਬਦ ਹਨ :

ਰੁਤਿ ਬਰਸੁ ਸੁਹੇਲੀਆ; ਸਾਵਣ ਭਾਦਵੇ ਆਨੰਦ ਜੀਉ ॥ ਅਰਥ : (ਹੇ ਸਹੇਲੀਏ ! ਜਿਵੇਂ) ਵਰਖਾ-ਰੁੱਤ ਬੜੀ ਸੁਖਦਾਈ ਹੁੰਦੀ ਹੈ, ਸਾਵਣ ਭਾਦਰੋਂ ਦੇ ਮਹੀਨਿਆਂ 'ਚ (ਵਰਖਾ ਦੇ ਕਾਰਨ) ਬੜਾ ਅਨੰਦ ਬਣਿਆ ਰਹਿੰਦਾ ਹੈ।

ਘਣ ਉਨਵਿ ਵੁਠੇ; ਜਲ ਥਲ ਪੂਰਿਆ ਮਕਰੰਦ ਜੀਉ ॥ ਅਰਥ : ਬੱਦਲ ਝੁਕ ਝੁਕ ਕੇ ਵਰ੍ਹਦੇ ਹਨ। ਤਲਾਬਾਂ-ਛੱਪੜਾਂ 'ਚ, ਧਰਤੀ ਦੇ ਟੋਇਆਂ 'ਚ ਭਾਵ ਹਰ ਥਾਂ ਸੁਗੰਧੀ-ਭਰਿਆ ਪਾਣੀ ਹੀ ਪਾਣੀ ਭਰਿਆ ਹੁੰਦਾ ਹੈ।

ਪ੍ਰਭੁ ਪੂਰਿ ਰਹਿਆ ਸਰਬ ਠਾਈ; ਹਰਿ ਨਾਮ ਨਵ ਨਿਧਿ ਗ੍ਰਿਹ ਭਰੇ ॥ ਅਰਥ : ਓਵੇਂ ਹੀ ਜਿਨ੍ਹਾਂ ਦੇ ਹਿਰਦੇ-ਘਰ ਪਰਮਾਤਮਾ ਦੇ ਨਾਮ ਦੇ ਨੌ ਖ਼ਜ਼ਾਨਿਆਂ ਨਾਲ ਨਕੋ-ਨੱਕ ਭਰ ਜਾਣ, ਉਨ੍ਹਾਂ ਨੂੰ ਪਰਮਾਤਮਾ ਸਭਨੀਂ ਥਾਈਂ ਵਿਆਪਕ ਜਾਪਦਾ ਹੈ।

ਸਿਮਰਿ ਸੁਆਮੀ ਅੰਤਰਜਾਮੀ; ਕੁਲ ਸਮੂਹਾ ਸਭਿ ਤਰੇ ॥ ਅਰਥ : ਸਭਨਾਂ ਦੇ ਦਿਲ ਦੀ ਜਾਣਨ ਵਾਲੇ ਮਾਲਕ-ਪ੍ਰਭੂ ਦਾ ਨਾਮ ਸਿਮਰ ਕੇ ਉਨ੍ਹਾਂ ਦੀਆਂ ਸਾਰੀਆਂ ਹੀ ਕੁਲਾਂ ਤਰ ਜਾਂਦੀਆਂ ਹਨ।

ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ; ਕ੍ਰਿਪਾਲੁ ਸਦ ਬਖਸਿੰਦੁ ਜੀਉ ॥ ਬਿਨਵੰਤਿ ਨਾਨਕ ਹਰਿ ਕੰਤੁ ਪਾਇਆ; ਸਦਾ ਮਨਿ ਭਾਵੰਦੁ ਜੀਉ ॥4॥" (ਰਾਮਕਲੀ/ਮਹਲਾ 5 ਰੁਤੀ ਸਲੋਕ/927) ਅਰਥ : ਹੇ ਸਹੇਲੀਏ ! ਜਿਹੜੇ ਵਡਭਾਗੀ ਪਿਆਰੇ, ਪ੍ਰਭੂ ਦੇ ਪ੍ਰੇਮ-ਰੰਗ 'ਚ (ਰੰਗ ਕੇ ਮਾਇਆ ਮੋਹ ਦੇ ਹੱਲਿਆਂ ਵੱਲੋਂ) ਸੁਚੇਤ ਰਹਿੰਦੇ ਹਨ, ਉਹਨਾਂ ਨੂੰ ਵਿਕਾਰਾਂ ਦੇ ਦਾਗ਼ ਨਹੀਂ ਲੱਗਦੇ, ਦਇਆ ਦਾ ਘਰ ਪ੍ਰਭੂ ਸਦਾ ਉਹਨਾਂ ਉੱਤੇ ਪ੍ਰਸੰਨ ਰਹਿੰਦਾ ਹੈ। ਨਾਨਕ ਬੇਨਤੀ ਕਰਦਾ ਹੈ, ਹੇ ਸਹੇਲੀਏ ! ਉਹਨਾਂ ਨੂੰ ਮਨ ਵਿਚ ਸਦਾ ਪਿਆਰਾ ਲੱਗਣ ਵਾਲਾ ਖਸਮ-ਪ੍ਰਭੂ ਮਿਲ ਪੈਂਦਾ ਹੈ।

ਹੁਣ ਗੁਰੂ ਅਰਜਨ ਸਾਹਿਬ ਜੀ ਦੁਆਰਾ ਮਾਝ ਰਾਗ 'ਚ ਉਚਾਰਨ ਕੀਤੇ ਬਾਰਹਮਾਹਾ ਦੇ 6ਵੇਂ ਪਦੇ ਦੀ ਵਿਚਾਰ ਕਰਦੇ ਹਾਂ, ਜੋ ਇਸ ਤਰ੍ਹਾਂ ਹੈ :

ਸਾਵਣਿ ਸਰਸੀ ਕਾਮਣੀ; ਚਰਨ ਕਮਲ ਸਿਉ ਪਿਆਰੁ ॥ ਅਰਥ : ਜਿਵੇਂ ਸਾਵਣ ਵਿਚ (ਵਰਖਾ ਨਾਲ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ) ਤਿਵੇਂ ਓਹ ਜੀਵ-ਇਸਤ੍ਰੀ ਸਦਾ ਅਨੰਦ ਮਾਣਦੀ ਹੈ, ਜਿਸ ਦਾ ਪਿਆਰ; ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ।

ਮਨੁ ਤਨੁ ਰਤਾ ਸਚ ਰੰਗਿ; ਇਕੋ ਨਾਮੁ ਅਧਾਰੁ ॥ ਅਰਥ : ਉਸ ਦਾ ਮਨ ਤੇ ਤਨ; ਪਰਮਾਤਮਾ ਦੇ ਪਿਆਰ 'ਚ ਰੰਗਿਆ ਜਾਂਦਾ ਹੈ, ਪਰਮਾਤਮਾ ਦਾ ਨਾਮ ਹੀ (ਉਸ ਦੀ ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ।

ਬਿਖਿਆ ਰੰਗ ਕੂੜਾਵਿਆ; ਦਿਸਨਿ ਸਭੇ ਛਾਰੁ ॥ ਅਰਥ : ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸਾਰੇ ਸੁਆਹ (ਨਿਕੰਮੇ) ਜਾਪਦੇ ਹਨ।

ਹਰਿ ਅੰਮ੍ਰਿਤ ਬੂੰਦ ਸੁਹਾਵਣੀ; ਮਿਲਿ ਸਾਧੂ, ਪੀਵਣਹਾਰੁ ॥ ਅਰਥ : (ਸਾਵਣ 'ਚ ਜਿਵੇਂ ਵਰਖਾ ਦੀ ਬੂੰਦ ਪ੍ਰਭਾਵ ਕਰਦੀ ਹੈ; ਤਿਵੇਂ ਪ੍ਰਭੂ-ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ) ਹਰੀ ਦੇ ਅੰਮ੍ਰਿਤ ਨਾਮ ਦੀ ਬੂੰਦ ਪਿਆਰੀ ਲੱਗਦੀ ਹੈ, ਗੁਰੂ ਨੂੰ ਮਿਲ ਕੇ ਉਹ, ਇਸ ਬੂੰਦ ਨੂੰ ਚੱਖ ਲੈਂਦਾ ਹੈ। (ਪ੍ਰਭੂ ਦੀ ਮਹਿਮਾ ਵਾਲ਼ੀਆਂ ਸੰਖੇਪ ਗੱਲਾਂ ਭੀ ਉਸ ਨੂੰ ਮਿੱਠੀਆਂ ਲੱਗਦੀਆਂ ਹਨ। ਸਤਿਗੁਰੂ ਨੂੰ ਮਿਲ ਕੇ ਬੜੇ ਸ਼ੌਕ ਨਾਲ ਸੁਣਦਾ ਹੈ)।

ਵਣੁ ਤਿਣੁ ਪ੍ਰਭ ਸੰਗਿ ਮਉਲਿਆ; ਸੰਮ੍ਰਥ ਪੁਰਖ ਅਪਾਰੁ ॥ ਅਰਥ : ਜਿਸ ਪ੍ਰਭੂ ਦੀ ਕਿਰਪਾ ਸਾਰਾ ਜਗਤ (ਬਨਸਪਤੀ ਆਦਿਕ) ਹਰਿਆ-ਭਰਿਆ ਹੋਇਆ ਹੈ, ਜੋ ਪ੍ਰਭੂ ਸਭ ਕੁਝ ਕਰਨ ਜੋਗਾ ਹੈ ਵਿਆਪਕ ਹੈ ਤੇ ਬੇਅੰਤ ਹੈ।

ਹਰਿ ਮਿਲਣੈ ਨੋ ਮਨੁ ਲੋਚਦਾ; ਕਰਮਿ ਮਿਲਾਵਣਹਾਰੁ ॥ ਅਰਥ : ਉਸ ਨੂੰ ਮਿਲਣ ਲਈ ਮੇਰਾ ਮਨ ਤਾਂਘਦਾ ਹੈ, (ਪਰ ਮੇਰੇ ਯਤਨਾਂ ਨਾਲ਼ ਮਿਲ ਨਹੀਂ ਸਕਦਾ ਕਿਉਂਕਿ) ਉਹ ਪ੍ਰਭੂ ਆਪ ਹੀ ਆਪਣੀ ਮਿਹਰ ਨਾਲ ਮਿਲਾਉਣ ਦੇ ਸਮਰੱਥ ਹੈ।

ਜਿਨੀ ਸਖੀਏ ਪ੍ਰਭੁ ਪਾਇਆ; ਹੰਉ, ਤਿਨ ਕੈ ਸਦ ਬਲਿਹਾਰ ॥ ਅਰਥ : ਮੈਂ ਉਹਨਾਂ ਗੁਰਮੁਖ ਸਹੇਲੀਆਂ ਤੋਂ ਸਦਕੇ ਹਾਂ, ਸਦਾ ਕੁਰਬਾਨ ਹਾਂ ਜਿਨ੍ਹਾਂ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ।

ਨਾਨਕ ! ਹਰਿ ਜੀ ਮਇਆ ਕਰਿ; ਸਬਦਿ ਸਵਾਰਣਹਾਰੁ ॥ ਅਰਥ : ਹੇ ਨਾਨਕ ! (ਬੇਨਤੀ ਕਰ ਤੇ ਆਖ ਕਿ) ਹੇ ਪ੍ਰਭੂ ! ਮੇਰੇ ਉੱਤੇ ਮਿਹਰ ਕਰ, ਤੂੰ ਆਪ ਹੀ ਆਪਣੇ ਗੁਣਾਂ ਨਾਲ਼ (ਮੇਰੀ ਜਿੰਦ ਨੂੰ) ਸੰਵਾਰਨਹਾਰ ਹੈਂ।

ਸਾਵਣੁ ਤਿਨਾ ਸੁਹਾਗਣੀ; ਜਿਨ ਰਾਮ ਨਾਮੁ ਉਰਿ ਹਾਰੁ ॥6॥ (ਬਾਰਹਮਾਹਾ ਮਾਂਝ/ਮਹਲਾ 5/134) ਅਰਥ : ਸਾਵਣ ਦਾ ਮਹੀਨਾ ਉਹਨਾਂ ਭਾਗਾਂ ਵਾਲੀਆਂ (ਜੀਵ-ਇਸਤ੍ਰੀਆਂ) ਵਾਸਤੇ (ਖੇੜਾ ਤੇ ਠੰਡ ਲਿਆਉਣ ਵਾਲਾ) ਹੈ, ਜਿਨ੍ਹਾਂ ਨੇ ਆਪਣੇ ਹਿਰਦੇ (ਭਾਵ ਗਲ਼) 'ਚ ਪਰਮਾਤਮਾ ਦਾ ਨਾਮ ਰੂਪ ਹਾਰ ਪਾਇਆ ਹੋਇਆ ਹੈ।

ਹੁਣ ਗੁਰੂ ਨਾਨਕ ਸਾਹਿਬ ਜੀ ਦੁਆਰਾ ਤੁਖਾਰੀ ਰਾਗ ਵਿੱਚ ਰਚੇ ਬਾਰਹਮਾਹਾ ਦੇ 9ਵੇਂ ਪਦੇ (ਸਾਵਣ ਮਹੀਨੇ) 'ਚ ਦਿੱਤੇ ਸੁਨੇਹੇ ਦੀ ਵਿਚਾਰ ਕਰਦੇ ਹਾਂ :

ਸਾਵਣਿ, ਸਰਸ ਮਨਾ; ਘਣ ਵਰਸਹਿ ਰੁਤਿ ਆਏ ॥ ਅਰਥ : (ਹਾੜ ਦੀ ਅੱਤ ਤਪਸ਼ ਵਿਚ ਘਾਹ ਆਦਿਕ ਸੁੱਕ ਜਾਂਦੇ ਹਨ, ਜਿਸ ਪਿੱਛੋਂ) ਸਾਵਨ ਮਹੀਨੇ 'ਚ ਘਟਾਂ ਛਾ ਜਾਂਦੀਆਂ ਹਨ। ਪਸ਼ੂ, ਪੰਛੀ, ਮਨੁੱਖ ਤਾਂ ਕਿਤੇ ਰਹੇ, ਸੁੱਕਾ ਹੋਇਆ ਘਾਹ ਭੀ ਹਰਾ ਹੋ ਜਾਂਦਾ ਹੈ। ਇਹ ਹਰਿਆਵਲ ਵੇਖ ਹਰੇਕ ਪ੍ਰਾਣੀ ਬੋਲਦਾ ਹੈ) ਹੇ ਮੇਰੇ ਮਨ ! ਸਾਵਣ ਮਹੀਨੇ 'ਚ (ਵਰਖਾ ਦੀ) ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਹੁਣ ਤੂੰ ਭੀ ਹਰਾ ਹੋ ਜਾਹ (ਤੂੰ ਭੀ ਖਿੜ ਜਾਹ)।

ਮੈ ਮਨਿ ਤਨਿ ਸਹੁ ਭਾਵੈ; ਪਿਰ ਪਰਦੇਸਿ ਸਿਧਾਏ ॥ ਅਰਥ : (ਕਾਲੀਆਂ ਘਟਾਂ ਨੂੰ ਵੇਖ ਪਰਦੇਸ ਗਏ ਪਤੀ ਦੀ ਨਾਰ ਦਾ ਹਿਰਦਾ ਤੜਪ ਉੱਠਦਾ ਹੈ ਤੇ ਉਹ ਕੁਰਲਾਉਂਦੀ ਹੋਈ ਆਖਦੀ ਹੈ ਕਿ) ਮੈਨੂੰ ਆਪਣਾ ਪਤੀ ਅਤਿ ਪਿਆਰਾ ਲੱਗ ਰਿਹਾ ਹੈ ਭਾਵੇਂ ਉਹ ਪਰਦੇਸ 'ਚ ਹਨ।

ਪਿਰੁ ਘਰਿ ਨਹੀ ਆਵੈ, ਮਰੀਐ ਹਾਵੈ; ਦਾਮਨਿ ਚਮਕਿ ਡਰਾਏ ॥ ਸੇਜ ਇਕੇਲੀ, ਖਰੀ ਦੁਹੇਲੀ; ਮਰਣੁ ਭਇਆ ਦੁਖੁ ਮਾਏ ॥ ਅਰਥ : ਹੇ ਮਾਂ ! (ਜਦ ਤੱਕ) ਪਤੀ ਘਰ 'ਚ ਨਹੀਂ ਆਉਂਦਾ, ਮੈਂ ਹਾਹੁਕੇ ਭਰ ਰੌਂਦੀ ਹਾਂ, ਬਿਜਲੀ ਚਮਕ ਕੇ ਡਰਾ ਰਹੀ ਹੈ। (ਪਤੀ ਦੇ ਵਿਛੋੜੇ ਕਾਰਨ) ਮੇਰੀ ਸੱਖਣੀ ਸੇਜ ਦੁਖਦਾਈ ਬਣ ਗਈ ਹੈ। ਦੁੱਖ; ਮੌਤ ਸਮਾਨ ਜਾਪਦਾ ਹੈ।

ਹਰਿ ਬਿਨੁ, ਨੀਦ ਭੂਖ ਕਹੁ ਕੈਸੀ; ਕਾਪੜੁ ਤਨਿ ਨ ਸੁਖਾਵਏ ॥ ਅਰਥ : (ਜਿਸ ਤਰ੍ਹਾਂ ਪਤੀ ਤੋਂ ਵਿਛੜੀ ਦੁਨਿਆਵੀ ਪਤਨੀ ਦੁੱਖੀ ਰਹਿੰਦੀ ਹੈ; ਉਸੇ ਤਰ੍ਹਾਂ ਪ੍ਰਭੂ-ਪਤੀ ਤੋਂ ਵਿਛੜੀ ਜੀਵ-ਇਸਤ੍ਰੀ ਨੂੰ) ਪ੍ਰਭੂ ਦੇ ਮਿਲਾਪ ਤੋਂ ਬਿਨਾਂ ਨਾਹ ਨੀਂਦ, ਨਾਹ ਭੁੱਖ ਲੱਗਦੀ ਹੈ। ਕੱਪੜਾ ਭੀ ਸਰੀਰ ਉੱਤੇ ਨਹੀਂ ਸੁਖਾਂਦਾ।

ਨਾਨਕ ! ਸਾ ਸੋਹਾਗਣਿ ਕੰਤੀ; ਪਿਰ ਕੈ ਅੰਕਿ ਸਮਾਵਏ ॥9॥ (ਤੁਖਾਰੀ ਬਾਰਹਮਾਹਾ/ ਮਹਲਾ 1/1108) ਅਰਥ : ਪਰ ਹੇ ਨਾਨਕ ! ਉਹੀ ਭਾਗਾਂ ਵਾਲੀ ਜੀਵ-ਇਸਤ੍ਰੀ ਪ੍ਰਭੂ-ਪਤੀ ਦੇ ਪਿਆਰ ਦੀ ਹੱਕਦਾਰ ਹੈ, ਜੋ ਸਦਾ ਪ੍ਰਭੂ ਦੀ ਯਾਦ 'ਚ ਲੀਨ ਰਹਿੰਦੀ ਹੈ ਭਾਵ ਜੋ ਪਤੀ-ਪ੍ਰਮੇਸ਼ਰ ਨੂੰ ਯਾਦ ਨਹੀਂ ਕਰਦੀ ਉਸ ਅੰਦਰ ਸਾਵਣ ਦਾ ਮਹੀਨਾ ਵੀ ਤੜਫ ਪੈਦਾ ਨਹੀਂ ਕਰ ਸਕਦਾ।

ਉਕਤ ਕੀਤੀ ਬਾਰਹਮਾਹਾ ਦੀ ਵਿਚਾਰ ਤੋਂ ਇਲਾਵਾ ਗੁਰਬਾਣੀ 'ਚ ਹੋਰ ਥਾਂਵਾਂ 'ਤੇ ਭੀ ਸਾਵਣ ਮਹੀਨੇ ਦਾ ਜ਼ਿਕਰ ਹੈ; ਜਿਵੇਂ ਕਿ

ਨਾਨਕ ! ਸਾਵਣਿ, ਜੇ ਵਸੈ; ਚਹੁ ਓਮਾਹਾ ਹੋਇ ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥1॥ (ਮਹਲਾ 1/1279) ਅਰਥ : ਹੇ ਨਾਨਕ ! ਜੇ ਸਾਵਣ ਦੇ ਮਹੀਨੇ ਮੀਂਹ ਪੈ ਜਾਏ ਤਾਂ ਚਾਰ ਧਿਰਾਂ 'ਸੱਪਾਂ, ਹਿਰਨਾਂ, ਮੱਛੀਆਂ ਤੇ ਰਸਾਂ ਦੇ ਆਸ਼ਕਾਂ (ਯਾਨੀ ਐਸ਼ਪ੍ਰਸਤ ਧਨਾਢਾਂ, ਜਿਨ੍ਹਾਂ ਦੇ) ਘਰ 'ਚ ਧਨ ਹੁੰਦਾ ਹੈ'; ਅੰਦਰ ਚਾਉ ਉਪਜਦਾ ਹੈ।

ਨਾਨਕ ! ਸਾਵਣਿ, ਜੇ ਵਸੈ; ਚਹੁ ਵੇਛੋੜਾ ਹੋਇ ॥ ਗਾਈ ਪੁਤਾ ਨਿਰਧਨਾ; ਪੰਥੀ ਚਾਕਰੁ ਹੋਇ ॥2॥ (ਮਹਲਾ 1/1279) ਅਰਥ : ਹੇ ਨਾਨਕ ! ਜੇ ਸਾਵਣ ਮਹੀਨੇ 'ਚ ਮੀਂਹ ਪੈ ਜਾਏ ਤਾਂ ਚਾਰ ਧਿਰਾਂ ਅੰਦਰ ਚਾਉ ਨਹੀਂ ਉਪਜਦਾ। ਉਹ ਹਨ ਗਾਈਆਂ ਦੇ ਵੱਛੜੇ (ਕਿਉਂਕਿ ਮੀਂਹ ਪਿਆਂ ਗਾਈਆਂ ਨੂੰ ਚਾਰਨ ਲਈ ਲੈ ਜਾਂਦੇ ਹਨ ਤੇ ਉਨ੍ਹਾਂ ਨੂੰ ਘਰ ਛੱਡ ਦਿੱਤਾ ਜਾਂਦਾ ਹੈ), ਗਰੀਬਾਂ (ਕਿਉਂਕਿ ਦਿਹਾੜੀ ਨਹੀਂ ਮਿਲਦੀ), ਰਾਹੀ ਤੇ ਨੌਕਰ (ਕਿਉਂਕਿ ਇਨ੍ਹਾਂ ਦਾ ਕੰਮ ਵਧ ਜਾਂਦਾ ਹੈ)। ਇਉਂ ਹੀ ਗੁਰੂ ਦੇ ਦਰ ਤੋਂ ਨਾਮ-ਵਰਖਾ ਹੋਣ 'ਤੇ ਗੁਰਮੁਖਾਂ ਅੰਦਰ ਖਿੜਾਅ ਉਪਜਦਾ ਹੈ, ਪਰ ਮਨਮੁਖ ਇਸ ਤੋਂ ਬਾਂਝੇ ਰਹਿ ਜਾਂਦੇ ਹਨ।

ਮੋਰੀ ਰੁਣ ਝੁਣ ਲਾਇਆ; ਭੈਣੇ ! ਸਾਵਣੁ ਆਇਆ ॥ (ਮਹਲਾ 1/558) ਅਰਥ : ਹੇ ਭੈਣ ! ਸਾਵਨ (ਦਾ ਮਹੀਨਾ) ਆ ਗਿਆ ਹੈ (ਵਰਖਾ ਰੁੱਤ ਦਾ ਮੀਂਹ ਪੈਣ ਕਾਰਨ) ਮੋਰਾਂ ਨੇ ਖੁਸ਼ੀ ਦੇ ਮਿੱਠੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਹਨ।


ਸਾਵਣੁ ਆਇਆ ਹੇ ਸਖੀ ! ਜਲਹਰੁ ਬਰਸਨਹਾਰੁ ॥ ਨਾਨਕ ! ਸੁਖਿ ਸਵਨੁ ਸੋਹਾਗਣੀ; ਜਿਨ੍, ਸਹ ਨਾਲਿ ਪਿਆਰੁ ॥2॥ (ਮਹਲਾ 2/1280) ਹੇ ਸਖੀ ! ਸਾਵਣ ਮਹੀਨਾ ਆ ਗਿਆ ਤੇ ਬੱਦਲ ਵਰ੍ਹਾਊ ਹੋ ਗਿਆ ਹੈ। (ਇਸ ਸੁਹਾਵਣੇ ਸਮੇਂ) ਜਿਨ੍ਹਾਂ (ਜੀਵ-ਇਸਤ੍ਰੀਆਂ ਦਾ) ਖਸਮ (ਪ੍ਰਭੂ) ਨਾਲ ਪਿਆਰ ਪੈ ਗਿਆ, ਉਹ ਭਾਗਾਂ ਵਾਲੀਆਂ ਬੇਫ਼ਿਕਰ ਹੋ ਕੇ ਸੌਂਦੀਆਂ ਹਨ।

ਭਗਤ ਨਾਮਦੇਵ ਜੀ ਦੇ ਬਚਨ ਹਨ ਕਿ ਜਿਸ ਅੰਦਰ ਪਤੀ-ਪਰਮੇਸ਼ਰ ਨਾਲ਼ ਪ੍ਰੀਤ ਪੈਦਾ ਹੋ ਗਈ, ਉਹ ਕੇਵਲ ਸਾਵਣ ਮਹੀਨੇ ਦੇ ਅਨੰਦ ਤੱਕ ਸੀਮਤ ਨਹੀਂ ਰਹਿੰਦਾ ਭਾਵ ਉਸ ਲਈ ਸਦਾ ਨਾਮ-ਅੰਮ੍ਰਿਤ ਦੀ ਵਰਖਾ ਹੋਣ ਲੱਗਦੀ ਹੈ "ਅਣਮੜਿਆ ਮੰਦਲੁ (ਢੋਲ) ਬਾਜੈ ॥ ਬਿਨੁ ਸਾਵਣ, ਘਨਹਰੁ (ਬੱਦਲ) ਗਾਜੈ ॥ ਬਾਦਲ ਬਿਨੁ, ਬਰਖਾ ਹੋਈ ॥ ਜਉ, ਤਤੁ ਬਿਚਾਰੈ ਕੋਈ ॥1॥" (ਭਗਤ ਨਾਮਦੇਵ ਜੀ/657), ਐਸੀ ਨਿਰੰਤਰ ਵਰਖਾ ਦਾ ਅਨੰਦ ਮਾਨਣ ਲਈ ਆਪਣੇ ਪਿਆਰੇ ਰਾਮ ਨਾਲ਼ ਇੱਕ-ਮਿੱਕ ਹੋਣਾ ਪੈਣਾ ਹੈ; ਜਿਵੇਂ ਕਿ ਭਗਤ ਨਾਮਦੇਵ ਜੀ ਦੇ ਬਚਨ ਹਨ "ਮੋ ਕਉ ਮਿਲਿਓ ਰਾਮੁ ਸਨੇਹੀ ॥ ਜਿਹ ਮਿਲਿਐ, ਦੇਹ ਸੁਦੇਹੀ ॥1॥ ਰਹਾਉ ॥" ਭਾਵ ਮੈਨੂੰ ਪਿਆਰਾ ਰਾਮ ਮਿਲ ਪਿਆ। ਜਿਸ ਦੇ ਮਿਲਣ ਨਾਲ਼ ਮੇਰੀ ਦੇਹ ਸੁੰਦਰ ਬਣ ਗਈ। ਜੀਵਨ ਸਫਲ ਹੋ ਗਿਆ।

ਸਾਵਣ ਮਹੀਨੇ ਦੀਆਂ ਕੁੱਝ ਇਤਿਹਾਸਕ ਘਟਨਾਵਾਂ ਨੂੰ ਵੀ ਜਾਣਨਾ ਜ਼ਰੂਰੀ ਹੈ; ਜਿਵੇਂ ਕਿ ਭਾਈ ਤਾਰੂ ਸਿੰਘ ਜੀ ਨੂੰ ਸੰਘਰਸ਼ ਕਰ ਰਹੇ ਸਿੰਘਾਂ ਦੀ ਮਦਦ ਕਰਨ ਬਦਲੇ 1 ਸਾਵਣ ਬਿਕ੍ਰਮੀ ਸੰਮਤ 1802 ਨੂੰ ਖੋਪਰੀ ਉਤਾਰ ਕੇ ਸ਼ਹੀਦ ਕਰ ਦਿੱਤਾ ਸੀ। ਉਹ, ਸਿੱਖੀ ਕੇਸਾਂ ਸੰਗ ਨਿਭਾਉਣ ਦਾ ਆਪਣਾ ਪ੍ਰਣ ਪੂਰਾ ਕਰ ਗਏ ਸਨ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 18 ਹਾੜ ਬਿਕ੍ਰਮੀ ਸੰਮਤ 1663 ਨੂੰ ਇੱਕ ਥੜ੍ਹੇ (ਜਿਸ ਨੂੰ ਹੁਣ ਅਕਾਲ ਤਖ਼ਤ ਸਾਹਿਬ ਕਿਹਾ ਜਾਂਦਾ ਹੈ) ਦੀ ਉਸਾਰੀ ਕੀਤੀ। ਇਸ ਤੋਂ 19 ਦਿਨ ਬਾਅਦ ਇਸੇ ਸਥਾਨ 'ਤੇ ਬੈਠ ਕੇ 6 ਸਾਵਣ ਸੰਮਤ 1663 ਨੂੰ ਆਪ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਇਹ ਦਿਹਾੜਾ; ਹਰ ਸਾਲ ਮੀਰੀ-ਪੀਰੀ ਦਿਵਸ ਵਜੋਂ 6 ਸਾਵਣ ਨੂੰ ਮਨਾਇਆ ਜਾਂਦਾ ਹੈ। ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਿਹ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ 8 ਸਾਵਣ ਬਿਕ੍ਰਮੀ ਸੰਮਤ 1713 ਨੂੰ ਸ਼ੀਸ਼ ਮਹਿਲ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਜਨਮ ਹੋਇਆ। ਅੰਮ੍ਰਿਤਸਰ ਤੋਂ 13 ਕਿਲੋਮੀਟਰ ਦੂਰ ਪਿੰਡ ਘੁੱਕੇਵਾਲ਼ੀ ਵਿਖੇ ਗੁਰਦੁਆਰਾ ਸਾਹਿਬ ਦੇ ਬਾਗ਼ 'ਚੋਂ ਗੁਰੂ ਕੇ ਲੰਗਰ ਲਈ ਲੱਕੜਾਂ ਕੱਟਣ ਗਏ ਪੰਜ ਸਿੰਘਾਂ ਵਿਰੁੱਧ ਮਹੰਤ ਨੇ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ, ਜਿਸ ਕਾਰਨ ਪੰਜੇ ਸਿੰਘਾਂ ਨੂੰ 6-6 ਮਹੀਨੇ ਦੀ ਕੈਦ ਅਤੇ 50-50 ਰੁਪਏ ਜਰਮਾਨਾ ਲਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਬਾਗ਼ ਉੱਤੇ ਆਪਣਾ ਹੱਕ ਜਤਾਉਣ ਲਈ ਅਤੇ ਸਰਕਾਰੀ ਧੱਕੇਸ਼ਾਹੀ ਵਿਰੁੱਧ ਮੋਰਚਾ ਲਾਇਆ, ਜੋ 24 ਸਾਵਣ ਬਿਕ੍ਰਮੀ ਸੰਮਤ 1978 (8 ਅਗਸਤ 1921 ਈ:) ਤੋਂ ਲੈ ਕੇ 22 ਕੱਤਕ ਬਿਕ੍ਰਮੀ ਸੰਮਤ 1979 (7 ਨਵੰਬਰ 1922) ਤੱਕ ਚੱਲਿਆ ਤੇ ਅੰਗਰੇਜ਼ ਸਰਕਾਰ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਸਪੁਰਦ ਕਰ ਦਿੱਤਾ। ਇਹ ਦਿਹਾੜਾ; ਹਰ ਸਾਲ 24 ਸਾਵਣ ਨੂੰ ਗੁਰੂ ਕੇ ਬਾਗ ਮੋਰਚੇ ਦੀ ਯਾਦ 'ਚ ਮਨਾਇਆ ਜਾਂਦਾ ਹੈ। ••

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


Nankana Sahib Yatra Committe Uk
pakistan gurdwara yatra
6th november to 16th november 2024
yatra includes 25+ gurudwara sahib darshan .Accommodation in hotels and travel within pakistan and yatra start to finish point in AC coaches
ਪਾਕਿਸਤਾਨ ਵਿਖੇ ਸ਼੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

ਗ: ਗੁਰੂ ਹਰਿਗੋਬਿੰਦ ਸਾਹਿਬ ਗੁਰੂਸਰ ਸੁਧਾਰ ਸਾਲਾਨਾ ਜੋੜ ਮੇਲਾ 26 ਜੁਲਾਈ ਤੋਂ ਆਰੰਭ

# 17 ਜੁਲਾਈ ਤੋਂ ਲੈ ਕੇ 25 ਜੁਲਾਈ ਤੱਕ ਰੋਜ਼ਾਨਾ ਹੋਣਗੇ ਵਿਸ਼ੇਸ਼ ਸਮਾਗਮ



**ਗੁਰੂਸਰ ਸੁਧਾਰ, 15 ਜੁਲਾਈ (ਗੁਰਜੰਟ ਸਿੰਘ ਖਾਲਸਾ)**-ਮੀਰੀ ਪੀਰੀ ਦੇ ਮਾਲਕ ਬੰਦੀਛੋੜ ਸਤਿਗੁਰੂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਾਲਾਨਾ ਆਗਮਨ ਪੁਰਬ ਜੋੜ ਮੇਲਾ ਗੁਰੂਸਰ ਸੁਧਾਰ ਵਿਖੇ ਸਮੂਹ ਇਲਾਕਾ ਨਿਵਾਸੀ ਸਾਧ-ਸੰਗਤ ਅਤੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਸਦਕਾ ਬਹੁਤ ਹੀ ਸ਼ਰਧਾ ਅਤੇ ਧੂਮਧਾਮ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤਕਰੀਬਨ 10 ਜਿਸ ਦਿਨ ਵਿਸ਼ੇਸ਼ ਸਮਾਗਮਾਂ ਵਿਚ ਪੜਾਅ-ਦਰ-ਪੜਾਅ ਗੁਰੂਸਰ ਸੁਧਾਰ ਦੇ ਸਮੂਹ ਗੁਰਦੁਆਰਾ ਸਾਹਿਬਾਨਾਂ ਵਿਚ ਸਮਾਗਮ ਕਰਵਾਏ ਜਾਣਗੇ ਅਤੇ ਨਾਲ ਹੀ ਧਾਰਮਿਕ ਕੋਰੀਓਗਰਾਫ਼ੀ ਰਾਹੀਂ ਖਾਲਸਾ ਪੰਥ ਸ਼ਾਨਮੱਤੇ ਇਤਿਹਾਸ ਤੋਂ ਸੰਗਤਾਂ ਜਾਣੂ ਕਰਵਾਇਆ, ਸਮਾਗਮਾਂ ਵਿਚ ਸਿੱਖ ਪੰਥ ਦੀਆਂ ਵੱਖ-ਵੱਖ ਸ਼ਖਸੀਅਤਾਂ ਵੱਲੋਂ ਗੁਰੂ ਚਰਨਾਂ ਵਿਚ ਹਾਜ਼ਰੀਆਂ ਭਰੀਆਂ ਜਾਣਗੀਆਂ ਗੁਰ-ਸੰਗਤਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਕਾਲ ਦੇ ਪਰਉਪਕਾਰਾਂ ਤੋਂ ਜਾਣੂ ਕਰਵਾਇਆ ਜਾਵੇਗਾ। ਇਹਨਾਂ ਸਮਾਗਮਾਂ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਪੰਜਾਂ ਪਿਆਰਿਆਂ ਵੱਲੋਂ ਸੰਗਤਾਂ ਅੰਮ੍ਰਿਤ ਦਾ ਬਾਟਾ 26 ਜੁਲਾਈ ਨੂੰ ਤਿਆਰ ਕੀਤਾ ਜਾਵੇਗਾ ਅਤੇ ਉਥੇ ਹੀ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਸਦਕਾ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰੂਸਰ ਸੁਧਾਰ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ 27 ਜੁਲਾਈ ਨੂੰ ਪੰਜਾਂ ਪਿਆਰਿਆਂ ਦੀ ਅਗਵਾਈ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਵਿੱਚ ਬੇਅੰਤ ਸੰਗਤਾਂ ਵੱਲੋਂ ਖੁਲ੍ਹੇ ਲੰਗਰ ਵਰਤਾ ਕੇ ਸੇਵਾਵਾਂ ਨਿਭਾਈਆਂ ਜਾਣਗੀਆਂ, ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਇਸ ਨਗਰ ਕੀਰਤਨ ਵਿਚ ਕੇਸਰੀ ਦਸਤਾਰਾਂ ਅਤੇ ਚੁੰਨੀਆਂ ਲੈ ਕੇ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਉਥੇ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰੂਸਰ ਸੁਧਾਰ ਵਿਖੇ ਖੁੱਲ੍ਹੇ ਦਰਬਾਰ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਸਦਕਾ ਵਿਸ਼ੇਸ਼ ਕਥਾ ਕੀਰਤਨ ਸਮਾਗਮ 28 ਜੁਲਾਈ ਨੂੰ ਕਰਵਾਏ ਜਾਣਗੇ ਜਿਨ੍ਹਾਂ ਵਿਚ ਸਿੰਘ ਸਾਹਿਬਾਨ ਪੰਥ ਪ੍ਰਸਿੱਧ ਢਾਡੀ ਤੇ ਕੀਰਤਨੀਏ ਸਿੰਘਾਂ ਵੱਲੋਂ ਕਥਾ ਕੀਰਤਨ ਤੇ ਬੀਰ ਰਸੀ ਵਾਰਾਂ ਗਾਇਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ, ਵੱਖ-ਵੱਖ ਹਸਪਤਾਲਾਂ ਦੀਆਂ ਟੀਮਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਕੰਪਲੈਕਸ ਅੰਦਰ ਵੱਖ-ਵੱਖ ਰੋਗਾਂ ਦੇ ਫਰੀ ਮੈਡੀਕਲ ਕੈਂਪ ਓਥੇ ਹੀ ਫਰੀ ਦਸਤਾਰਾਂ ਦੇ ਲੰਗਰ ਵੀ ਲਗਾਏ ਜਾਣਗੇ. ਸਮੂਹ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਸਾਹਿਬ ਦੀ ਮਨੈਜਮੈਂਟ ਵੱਲੋਂ ਸੰਗਤਾਂ ਨੂੰ ਹੁੰਮ-ਹੁਮਾ ਕੇ ਪੁੱਜਣ ਦੀ ਅਪੀਲ ਕੀਤੀ ਗਈ।

# ਜਲੰਧਰ ਵੈਸਟ ਤੋਂ ਆਪ ਉਮੀਦਵਾਰ ਮੋਹਿੰਦਰ ਭਗਤ ਨੇ ਇਕਪਾਸੜ ਜਿੱਤ ਹਾਸਲ ਕੀਤੀ : ਮੰਤਰੀ ਭੁੱਲਰ, ਔਜਲਾ, ਨੰਬਰਦਾਰ



**ਚੌਕ ਮਹਿਤਾ, 15 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**- ਜਲੰਧਰ ਵੈਸਟ ਹਲਕੇ ਵਿਚ ਹੋਈ ਜ਼ਿਮਨੀ ਚੋਣ ਦੇ ਨਤੀਜਿਆਂ ਵਿਚ ਮਿਲੀ ਵੱਡੀ ਜਿੱਤ ਤੋਂ ਬਾਅਦ 'ਆਪ' ਦੇ ਲੀਡਰਾਂ ਅਤੇ ਵਰਕਰਾਂ ਅੰਦਰ ਭਾਰੀ ਖੁਸ਼ੀ ਦਾ ਮਾਹੌਲ ਹੈ। ਜਿਸ ਦੇ ਚਲਦਿਆਂ ਅੱਜ ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਅਰੀਵਾਲ, ਨੰਬਰਦਾਰ ਬਲਵਿੰਦਰ ਸਿੰਘ ਔਜਲਾ ਅਤੇ ਸੀਨੀਅਰ ਆਗੂ ਸੰਦੀਪ ਸਿੰਘ ਔਜਲਾ ਆਪਣੇ ਸਾਥੀਆਂ ਸਮੇਤ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮਿਲੇ ਅਤੇ ਇਸ ਜਿੱਤ ਦੀ ਖੁਸ਼ੀ ਵਿਚ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਕੇ ਮੁਬਾਰਕਬਾਦ ਦਿੱਤੀ। ਇਸ ਦੌਰਾਨ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਖਿਆ ਕਿ ਜਲੰਧਰ ਵੈਸਟ ਵਿਧਾਨ ਸਭਾ ਹਲਕੇ ਵਿਚ 10 ਜੁਲਾਈ ਨੂੰ ਹੋਈ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੋਹਿੰਦਰ ਭਗਤ ਨੂੰ ਇਕਪਾਸੜ ਜਿੱਤ ਹਾਸਲ ਹੋਈ ਹੈ। ਉਨ੍ਹਾਂ ਆਪਣੇ ਵਿਰੋਧੀ ਉਮੀਦਵਾਰਾ ਨੂੰ ਵੱਡੀ ਲੀਡ ਦੇ ਨਾਲ ਪਛਾੜਿਆ ਹੈ। ਮੰਤਰੀ ਭੁੱਲਰ ਨੇ ਆਖਿਆ ਕਿ ਇਸ ਜਿਮਨੀ ਚੋਣ ਨੇ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਸਰਕਾਰ ਦੇ ਕੀਤੇ ਕੰਮਾਂ ਨੂੰ ਪਸੰਦ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਬਿਹਤਰੀ ਲਈ ਹੋਰ ਕਈ ਯੋਜਨਾਵਾਂ ਲਿਆ ਰਹੀ ਹੈ, ਜਿਸ ਨਾਲ ਸੂਬੇ ਦੇ ਵਿਕਾਸ ਅਤੇ ਤਰੱਕੀ ਦੀ ਰਫਤਾਰ ਹੋਰ ਤੇਜ ਹੋਵੇਗੀ। ਇਸ ਮੌਕੇ ਸੈਕਟਰੀ ਹਰਭੇਜ ਸਿੰਘ ਔਜਲਾ, ਚੇਅਰਮੈਨ ਦਿਲਬਾਗ ਸਿੰਘ, ਸੈਕਟਰੀ ਦਲਜੀਤ ਸਿੰਘ ਬੰਡਾਲਾ, ਲਵਪ੍ਰੀਤ ਸਿੰਘ ਜੋਨੀ, ਮੇਜਰ ਸਿੰਘ ਔਜਲਾ ਅਤੇ ਬਲਕਾਰ ਸਿੰਘ ਔਜਲਾ ਵੀ ਮੌਜੂਦ ਸਨ।

## ਆਪਣੇ ਧੀਆਂ ਪੁੱਤਰਾਂ ਵਾਂਗ ਰੁੱਖਾਂ ਦਾ ਪਾਲਣ ਪੋਸ਼ਣ ਕਰਨਾ ਵੀ ਸਮੇਂ ਦੀ ਮੁੱਖ ਲੋੜ : ਸੁਖਦੇਵ ਸਿੰਘ ਹਠੂਰੀਆ

# ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜਗਰਾਉਂ ਵੱਲੋਂ 52 ਸਕੂਲਾਂ ਵਿੱਚ ਬੂਟੇ ਲਗਵਾ ਕੇ ਵਣ ਮਹਾਂਉਤਸਵ ਮਨਾਇਆ







**ਜਗਰਾਉਂ, (ਵਰਿਆਮ ਹਠੂਰ)**-ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਜਗਰਾਉਂ) ਸ: ਸੁਖਦੇਵ ਸਿੰਘ ਹਠੂਰੀਆ ਵੱਲੋਂ ਬਲਾਕ ਅਧੀਨ ਪੈਂਦੇ ਸ਼ਹਿਰ ਅਤੇ ਵੱਖ ਵੱਖ ਪਿੰਡਾਂ ਦੇ 52 ਸਕੂਲਾਂ ਵਿੱਚ ਵੱਖ ਵੱਖ ਤਰ੍ਹਾਂ ਦੇ ਬੂਟੇ ਲਗਵਾ ਕੇ ਵਣ ਮਹਾਂਉਤਸਵ ਮਨਾਇਆ, ਇਸ ਮੌਕੇ ਗੱਲਬਾਤ ਕਰਦਿਆਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸੁਖਦੇਵ ਸਿੰਘ ਹਠੂਰੀਆ ਨੇ ਕਿਹਾ ਕਿ ਵਾਤਾਵਰਨ ਨੂੰ ਸਾਫ਼ ਸੁਥਰਾ ਅਤੇ ਹਰਾ ਭਰਾ ਰੱਖਣ ਲਈ ਬੂਟੇ ਲਗਾ ਕੇ ਉਨ੍ਹਾਂ ਦਾ ਆਪਣੇ ਧੀਆਂ ਪੁੱਤਰਾਂ ਵਾਂਗ ਪਾਲਣ ਪੋਸ਼ਣ ਕਰਨਾ ਸਮੇਂ ਦੀ ਮੁੱਖ ਲੋੜ ਹੈ। ਰੁੱਖ ਜਿੱਥੇ ਸਾਨੂੰ ਆਕਸੀਜਨ ਦਿੰਦੇ ਹਨ ਉੱਥੇ ਠੰਡੀਆਂ ਛਾਵਾਂ ਵੀ ਦਿੰਦੇ ਹਨ ਪਸ਼ੂ ਪੰਛੀਆਂ ਲਈ ਵੀ ਵੱਡਾ ਸਹਾਰਾ ਬਣਦੇ ਹਨ ਇਹ ਰੁੱਖ, ਇਸ ਵਾਰ ਅੰਤਾਂ ਦੀ ਪਈ ਗਰਮੀ ਕਾਰਨ ਜਿੱਥੇ ਲੋਕਾਂ ਦਾ ਬੁਰਾ ਹਾਲ ਸੀ ਉੱਥੇ ਪਸ਼ੂ ਪੰਛੀਆਂ ਦਾ ਵੀ ਬੁਰਾ ਹਾਲ ਰਿਹਾ, ਇਸ ਲਈ ਸਾਨੂੰ ਖ਼ਾਸ ਤੌਰ ਤੇ ਰੁੱਖ ਲਗਾਉਣ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ। ਤਾਂ ਜੋ ਅਸੀ ਆਉਣ ਵਾਲੀ ਪੀੜ੍ਹੀ ਨੂੰ ਸ਼ੁੱਧ ਸਾਫ਼ ਸੁਥਰਾ ਵਾਤਾਵਰਨ ਦੇ ਸਕੀਏ। ਇਸ ਲਈ ਪਿੰਡਾਂ, ਸ਼ਹਿਰਾਂ, ਕਸਬਿਆਂ ਵਿੱਚ ਹਰ ਮਨੁੱਖ ਦਾ ਫਰਜ਼ ਬਣਦਾ ਹੈ ਕਿ ਵੱਧ ਤੋਂ ਵੱਧ ਬੂਟੇ ਲਗਾਈਏ ਅਤੇ ਉਨ੍ਹਾਂ ਦੀ ਦੇਖਭਾਲ ਕਰੀਏ ਤਾਂ ਜੋ ਵੱਡੇ ਰੁੱਖ ਬਣ ਕੇ ਸਾਡੇ ਲਈ ਜਿਊਣ ਦਾ ਸਹਾਰਾ ਬਣਨ ਕਿਉਂਕਿ ਰੁੱਖ ਹਨ ਤਾਂ ਮਨੁੱਖ ਹਨ। ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸੁਖਦੇਵ ਸਿੰਘ ਹਠੂਰੀਆ ਨੇ ਅੱਗੇ ਕਿਹਾ ਕਿ ਰੁੱਖਾਂ ਅਤੇ ਪਾਣੀ ਬਿਨਾਂ ਜੀਵਨ ਜਿਊਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕੁਦਰਤ ਸਾਨੂੰ ਮੁਫ਼ਤ ਵਿੱਚ ਆਕਸੀਜਨ ਦੇ ਰਹੀ ਹੈ। ਜਿਸ ਨੂੰ ਸੰਭਾਲਣਾ ਤੇ ਕਦਰ ਕਰਨਾ ਸਾਡਾ ਫਰਜ਼ ਬਣਦਾ ਹੈ। ਜਿਸ ਤਰ੍ਹਾਂ ਲੋਕ ਪੰਛੀਆਂ ਵਾਸਤੇ ਮੁੱਲ ਦੇ ਆਲਣੇ ਲੈ ਕੇ ਟੰਗ ਦਿੰਦੇ ਹਨ। ਜੇ ਅਸੀਂ ਵੱਧ ਤੋਂ ਵੱਧ ਰੁੱਖ ਲਗਾਉਣ ਨੂੰ ਅਹਿਮੀਅਤ ਦਈਏ ਤਾਂ ਪੰਛੀ ਆਪਣੇ ਆਪ ਹੀ ਰੁੱਖਾਂ ਤੇ ਆਲ੍ਹਣੇ ਪਾ ਲੈਣਗੇ, ਤਾਂ ਸਾਨੂੰ ਅਮ੍ਰਿਤ ਵੇਲੇ ਪੰਛੀਆਂ ਦੀਆਂ ਮਿੱਠੀਆਂ ਮਿੱਠੀਆਂ ਅਵਾਜ਼ਾਂ ਸੁਣਨ ਨੂੰ ਮਿਲਦੀਆਂ ਰਹਿਣਗੀਆਂ, ਜੇ ਪੰਜਾਬ ਵਿੱਚ ਬਹੁ ਗਿਣਤੀ ਰੁੱਖ ਹੋਣਗੇ ਤੇ ਵਾਤਾਵਰਨ ਸਾਫ਼ ਸੁਥਰਾ ਹੋਵੇਗਾ ਤਾਂ ਅੱਧੀਆਂ ਬਿਮਾਰੀਆਂ ਆਪਣੇ ਆਪ ਖਤਮ ਹੋ ਜਾਣਗੀਆਂ, ਇਸ ਲਈ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਹੈ ਕਿ ਵੱਧ ਤੋਂ ਵੱਧ ਰੁੱਖ ਲਗਾਉਣ ਨੂੰ ਅਹਿਮੀਅਤ ਦਿੱਤੀ ਜਾਵੇ ਇਸ ਮੌਕੇ ਉਨ੍ਹਾਂ ਵੱਖ ਵੱਖ ਸਕੂਲਾਂ ਦੇ ਸਟਾਫ਼ ਦਾ ਵੀ ਧੰਨਵਾਦ ਕੀਤਾ ਅਤੇ ਖਾਸਕਰ ਬੱਚਿਆਂ ਨੂੰ ਬੂਟੇ ਲਗਾਉਣ ਲਈ ਜਾਗਰੂਕ ਕੀਤਾ, ਇਸ ਮੌਕੇ ਖੇਡ ਅਫ਼ਸਰ ਕਰਮਜੀਤ ਸਿੰਘ, ਹਰਦੀਪ ਸਿੰਘ ਕਾਉਂਕੇ ਸੈਂਟਰ ਹੈੱਡ ਟੀਚਰ ਕਰਮਜੀਤ ਸਿੰਘ ਕਾਉਂਕੇ, ਮੈਡਮ ਸਰਬਜੀਤ ਕੌਰ ਕਾਉਂਕੇ ਕਲਾਂ, ਮੈਡਮ ਰੰਜੂ ਬਾਲਾ, ਰਾਜਵਿੰਦਰ ਕੌਰ, ਸਮੇਤ ਬੱਚੇ ਹਾਜ਼ਰ ਸਨ।





## ਮੀਰੀ ਪੀਰੀ ਇੰਟਰਨੈਸ਼ਨਲ ਸਕੂਲ ਭਾਮ ਵਿੱਚ

# ਵਾਤਾਵਰਨ ਸੰਭਾਲੋ ਮੁਹਿੰਮ ਤਹਿਤ ਬੂਟੇ ਲਗਾਏ ਗਏ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 15 ਜੁਲਾਈ (ਕੁਲਜੀਤ ਸਿੰਘ ਖੋਖਰ)**-ਅੱਜ ਮੀਰੀ ਪੀਰੀ ਇੰਟਰਨੈਸ਼ਨਲ ਸਕੂਲ ਭਾਮ ਦੇ ਵਿਦਿਆਰਥੀਆਂ ਤੇ ਸਮੂਹ ਸਟਾਫ ਵੱਲੋਂ ਵਾਤਾਵਰਨ ਬਚਾਓ ਮੁਹਿੰਮ ਸ਼ੁਰੂ ਕੀਤੀ ਗਈ ।ਜਿਸ ਤਹਿਤ ਉਹਨਾਂ ਵੱਲੋਂ ਸਕੂਲ ਵਿੱਚ ਬੂਟੇ ਲਗਾਏ ਗਏ। ਸਕੂਲ ਦੇ ਚੇਅਰਮੈਨ ਸਰ ਸਰਦਾਰ ਹਰਭੇਜ ਸਿੰਘ ਅਤੇ ਡਾਇਰੈਕਟਰ ਮੈਡਮ ਸਤਿੰਦਰ ਕੌਰ ਵੱਲੋਂ ਬੂਟਾ ਲਗਾ ਕੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਜਿਸ ਤਰ੍ਹਾਂ ਅਸੀਂ ਸਭ ਜਾਣਦੇ ਹਾਂ ਕਿ ਗਲੋਬਲ ਵਾਰਮਿੰਗ ਕਾਰਨ ਗਰਮੀ ਦਿਨੋ ਦਿਨ ਵੱਧ ਰਹੀ ਹੈ । ਸਰਦਾਰ ਹਰਭੇਜ ਸਿੰਘ ਨੇ ਦੱਸਿਆ ਕਿ ਵਾਤਾਵਰਨ ਅਤੇ ਪੰਜਾਬ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਜਰੂਰਤ ਹੈ ।ਪੰਜਾਬ ਦਾ ਔਸਤਨ ਤਾਪਮਾਨ ਵੀ ਪਿਛਲੇ ਕੁਝ ਸਾਲਾਂ ਨਾਲੋਂ ਕਾਫੀ ਵੱਧ ਗਿਆ ਹੈ। ਇਸ ਨੂੰ ਘੱਟ ਕਰਨ ਲਈ ਅਤੇ ਵਾਤਾਵਰਣ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਾਉਣ ਦੀ ਜਰੂਰਤ ਹੈ। ਜਿਸ ਦੀ ਸ਼ੁਰੂਆਤ ਅੱਜ ਅਸੀਂ ਕਰ ਰਹੇ ਹਾਂ। ਇਸ ਮੌਕੇ ਸਕੂਲ ਦੇ ਵਿਦਿਆਰਥੀ ਵੀ ਕਾਫੀ ਉਤਸਾਹ ਵਿੱਚ ਦਿਖੇ ਅਤੇ ਉਨਾਂ ਨੇ ਵੀ ਇਹ ਪ੍ਰਣ ਕੀਤਾ ਕੇ ਓਹ ਵੀ ਵੱਧ ਚੜ ਕੇ ਰੁੱਖ ਲਗਾਉਣ ਵਿੱਚ ਆਪਣਾ ਯੋਗਦਾਨ ਪਾਉਣਗੇ। ਸਰਦਾਰ ਹਰਭੇਜ ਸਿੰਘ ਨੇ ਅੱਗੇ ਦੱਸਿਆ ਕਿ ਅਸੀਂ ਅੱਗੇ ਵੀ ਇਸੇ ਤਰ੍ਹਾਂ ਹੀ ਸਕੂਲ ਤੋਂ ਬਾਹਰ ਹੋਰਨਾਂ ਲੋੜੀਂਦੀਆਂ ਥਾਂਵਾਂ ਤੇ ਵੱਧ ਤੋਂ ਵੱਧ ਰੁੱਖ ਲਗਾਉਂਦੇ ਰਹਾਂਗੇ ਤੇ ਉਹਨਾਂ ਦੀ ਸਾਂਭ ਸੰਭਾਲ ਵਿੱਚ ਉਚਿਤ ਕਦਮ ਚੁੱਕਾਂਗੇ। ਇਸ ਮੌਕੇ ਤੇ ਸਕੂਲ ਦਾ ਸਮੂਹ ਸਟਾਫ ਵੀ ਮੌਜੂਦ ਸੀ।

## ਨੌਜਵਾਨ ਕਿਸਾਨਾਂ ਲਈ

# ਪ੍ਰੇਰਨਾ ਸਰੋਤ ਬਣਿਆ ਪਿੰਡ ਗਵਾਰਾ ਦਾ ਕਿਸਾਨ ਸੁਖਮਨਪ੍ਰੀਤ ਸਿੰਘ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 15 ਜੁਲਾਈ (ਕੁਲਜੀਤ ਸਿੰਘ ਖੋਖਰ)**-ਜਿੱਥੇ ਅੱਜ ਪੰਜਾਬ ਵਿਚ ਰਵਾਇਤੀ ਖੇਤੀ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਜਿਵੇਂ ਕਿ ਪਾਣੀ ਦਾ ਪੱਧਰ ਘੱਟ ਹੋਣਾ, ਰਸਾਇਣਿਕ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਨਾਲ ਪੌਣ ਪਾਣੀ ਦਾ ਦੂਸ਼ਿਤ ਹੋਣਾ, ਸਟੱਬਲ ਬਰਨਿੰਗ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਘਟਣਾ ਆਦਿ ਅਤੇ ਖੇਤੀ ਵਿਚ ਘੱਟ ਰਹੇ ਮੋਹ ਕਾਰਨ ਨੌਜਵਾਨਾਂ ਵਿਚ ਬਾਹਰਲੇ ਦੇਸ਼ਾਂ ਵੱਲ ਜਾਣ ਦਾ ਰੁਝਾਨ ਵੱਧ ਰਿਹਾ ਹੈ ਓਥੇ ਹੀ ਕੁਝ ਨੌਜਵਾਨ ਕਿਸਾਨਾਂ ਵੱਲੋਂ ਕਿਸਾਨੀ ਦਾ ਪੱਧਰ ਉੱਚਾ ਚੁੱਕਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਹੀ ਕੋਸ਼ਿਸ਼ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਨੌਜਵਾਨ ਕਿਸਾਨਾਂ ਵਿਚੋਂ ਸੁਖਮਨਪ੍ਰੀਤ ਸਿੰਘ ਪੁੱਤਰ ਸ. ਗੁਰਪ੍ਰੀਤ ਸਿੰਘ ਪਿੰਡ ਗਵਾਰਾ ਬਲਾਕ ਡੇਰਾ ਬਾਬਾ ਨਾਨਕ ਵੀ ਹਨ। ਹੋਰਨਾਂ ਨੌਜਵਾਨਾਂ ਵਾਂਗ ਸੁਖਮਨਪ੍ਰੀਤ ਸਿੰਘ ਨੂੰ ਵੀ ਆਪਣੀ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਆਪਣੇ ਭਵਿੱਖ ਦੀ ਚਿੰਤਾ ਸੀ ਅਤੇ ਕਿਤੇ ਨਾ ਕਿਤੇ ਓਹਨਾਂ ਦੇ ਮਨ ਵਿੱਚ ਵੀ ਬਾਹਰਲੇ ਦੇਸ਼ ਜਾਣ ਦਾ ਖ਼ਿਆਲ ਆ ਰਿਹਾ ਸੀ। ਪ੍ਰੰਤੂ ਆਪਣੇ ਵੱਡ ਵਡੇਰਿਆਂ ਦੁਆਰਾ ਮਿਹਨਤ ਨਾਲ ਬਣਾਈ ਹੋਈ ਜ਼ਮੀਨ ਦਾ ਮੋਹ ਓਹਨਾਂ ਨੂੰ ਆਪਣੇ ਵੱਲ ਖਿੱਚ ਰਿਹਾ ਸੀ। ਸੋ ਇਸ ਮੋਹ ਦੇ ਚੱਲਦਿਆਂ ਓਹਨਾਂ ਨੇ ਆਪਣੇ ਪਰਿਵਾਰ ਦੀ ਖੇਤੀ ਨੂੰ ਅੱਗੇ ਵਧਾਉਣ ਦਾ ਨਿਸ਼ਚਾ ਕਰ ਲਿਆ। ਇਸ ਦੇ ਨਾਲ ਹੀ ਨੌਜਵਾਨ ਕਿਸਾਨ ਨੇ ਆਪਣੀ ਪੜਾਈ ਨੂੰ ਅੱਗੇ ਵਧਾਉਣ ਲਈ ਬੀ ਕਾਮ ਦੇ ਕੋਰਸ ਵਿੱਚ ਦਾਖਲਾ ਲੈ ਲਿਆ। ਸੁਖਮਨਪ੍ਰੀਤ ਸਿੰਘ ਆਪਣੀ ਖੇਤੀ, ਰਵਾਇਤੀ ਢੰਗ ਤੋਂ ਹੱਟ ਕੇ ਵਾਤਾਵਰਨ ਦੇ ਅਨੁਕੂਲ ਰਹਿ ਕੇ ਕਰਨਾ ਚਾਹੁੰਦੇ ਸਨ, ਇਸ ਸਬੰਧ ਵਿੱਚ ਓਹਨਾਂ ਆਪਣੇ ਇਲਾਕੇ ਦੇ ਖੇਤੀਬਾੜੀ ਮਾਹਿਰ ਸ਼੍ਰੀ ਗੁਰਪ੍ਰਤਾਪ ਸਿੰਘ ਏ.ਡੀ.ਓ ਅਤੇ ਸ਼੍ਰੀ ਪੁਨੀਤ ਢਿੱਲੋਂ ਨਾਲ ਸੰਪਰਕ ਕੀਤਾ। ਖੇਤੀਬਾੜੀ ਮਾਹਿਰਾਂ ਨੇ ਘੱਟ ਰਹੇ ਪਾਣੀ ਦੇ ਮੁੱਦੇ ਨੂੰ ਮੁੱਖ ਰੱਖਦੇ ਹੋਏ ਝੋਨੇ ਦੀ ਸਿੱਧੀ ਬਿਜਾਈ ਕਰਨ ਦੀ ਸਲਾਹ ਦਿੱਤੀ। ਇਸ ਸਲਾਹ ਤੇ ਪੂਰਾ ਉੱਤਰਦਿਆਂ ਕਿਸਾਨ ਵੱਲੋਂ ਸਾਲ 2022 ਵਿੱਚ ਕਰੀਬ 7 ਏਕੜ ਵਿੱਚ ਝੋਨੇ ਦੀ ਕਾਸ਼ਤ ਸਿੱਧੀ ਬਿਜਾਈ ਰਾਹੀਂ ਕੀਤੀ। ਸ਼ੁਰੂਆਤੀ ਦੌਰ ਵਿੱਚ ਇਸ ਤਕਨੀਕ ਬਾਰੇ ਘੱਟ ਜਾਣਕਾਰੀ ਹੋਣ ਕਰਕੇ ਕਿਸਾਨ ਵੱਲੋਂ ਆਪਣੀ ਫ਼ਸਲ ਦੀ ਸਾਂਭ ਸੰਭਾਲ ਖੇਤੀਬਾੜੀ ਮਾਹਿਰਾਂ ਦੀ ਸਲਾਹ ਅਤੇ ਖੇਤੀ ਰਸਾਲਿਆਂ ਦੀ ਮਦਦ ਰਾਹੀਂ ਕੀਤੀ। ਆਪਣੀ ਮਿਹਨਤ ਸਦਕਾ ਅਤੇ ਖੇਤੀਬਾੜੀ ਮਾਹਿਰਾਂ ਦੀ ਸਲਾਹ ਤੇ ਚਲਦਿਆਂ ਕਿਸਾਨ ਵੱਲੋਂ ਪਹਿਲੇ ਸਾਲ ਹੀ ਇਸ ਵਿਧੀ ਰਾਹੀਂ ਝੋਨੇ ਦੀ ਸਫਲ ਕਾਸ਼ਤ ਕੀਤੀ ਗਈ ਅਤੇ ਫ਼ਸਲ ਦਾ ਭਰਪੂਰ ਝਾੜ ਲਿਆ। ਇਹ ਝਾੜ ਕਿਸਾਨ ਵੱਲੋਂ ਘੱਟ ਪਾਣੀ ਦੀ ਵਰਤੋਂ ਕਰਦਿਆਂ ਅਤੇ ਘੱਟ ਖ਼ਰਚੇ ਦੇ ਨਾਲ ਪ੍ਰਾਪਤ ਕੀਤਾ ਗਿਆ। ਕਿਸਾਨ ਅਨੁਸਾਰ ਉਹਨਾਂ ਇਸ ਵਿਧੀ ਰਾਹੀਂ ਪ੍ਰਤੀ ਏਕੜ ਸਿੱਧੇ ਤੌਰ ਤੇ 5000 ਤੋਂ 7000 ਰੁਪਏ ਦੀ ਬੱਚਤ ਕੀਤੀ ਜਦ ਕਿ ਅਸਿੱਧੇ ਤੌਰ ਤੇ ਘੱਟ ਪਾਣੀ ਦੀ ਵਰਤੋਂ ਕਰਦਿਆਂ ਅਤੇ ਪਾਣੀ ਜੀਰਨ ਦੀ ਵਜ੍ਹਾ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਵਿੱਚ ਯੋਗਦਾਨ ਪਾਇਆ। ਇਸ ਦੇ ਨਾਲ ਹੀ ਆਮ ਕੱਦੂ ਵਾਲੇ ਝੋਨੇ ਨਾਲ ਜ਼ਮੀਨ ਵਿੱਚ ਜੋ ਸਖ਼ਤ ਪਰਤ ਬਣਦੀ ਹੈ, ਸਿੱਧੀ ਬਿਜਾਈ ਵਿੱਚ ਉਹ ਨਹੀਂ ਬਣਦੀ, ਜਿਸ ਨਾਲ ਜ਼ਮੀਨ ਦੇ ਕਣਾਂ ਦੀ ਬਣਤਰ ਸਹੀ ਰਹਿੰਦੀ ਹੈ ਅਤੇ ਧਰਤੀ ਹੇਠਲੇ ਸੂਖਮ ਜੀਵਾਂ ਦਾ ਸਹੀ ਵਰਤਾਰਾ ਰਹਿੰਦਾ ਹੈ।

ਆਪਣੀ ਪਿਛਲੇ ਸਾਲ ਦੀ ਸਫ਼ਲਤਾ ਦੇ ਕਾਰਨ ਕਿਸਾਨ ਵੱਲੋਂ ਸਾਲ 2023 ਵਿੱਚ ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵਧਾ ਕੇ 13 ਏਕੜ ਕਰ ਦਿੱਤਾ ਗਿਆ ਅਤੇ ਇਸ ਸਾਲ (2024) ਵਿੱਚ ਕਿਸਾਨ ਵੱਲੋਂ ਆਪਣੇ ਪੂਰੇ ਰਕਬੇ (20 ਏਕੜ) ਵਿੱਚ ਇਸ ਵਿਧੀ ਰਾਹੀਂ ਹੀ ਝੋਨੇ ਦੀ ਕਾਸ਼ਤ ਕੀਤੀ ਗਈ ਹੈ। ਆਪਣੇ ਪਿਛਲੇ ਦੋ ਸਾਲਾਂ ਦੇ ਤਜਰਬੇ ਵਿੱਚ ਕਿਸਾਨ ਨੇ ਵੇਖਿਆ ਕਿ ਸਿੱਧੀ ਬਿਜਾਈ ਵਾਲਾ ਝੋਨਾ ਕੱਦੂ ਕੀਤੇ ਝੋਨੇ ਤੋਂ 10-15 ਦਿਨ ਪਹਿਲਾਂ ਪੱਕ ਕੇ ਤਿਆਰ ਹੋ ਜਾਂਦਾ ਹੈ। ਇਸ ਤਜਰਬੇ ਨੂੰ ਅਵਸਰ ਵਿੱਚ ਬਦਲਣ ਲਈ ਕਿਸਾਨ ਵੱਲੋਂ ਇਸ ਸਾਲ ਬਾਸਮਤੀ ਦੀ ਕਾਸ਼ਤ ਵਧੇਰੇ ਕੀਤੀ ਗਈ ਹੈ। ਉਸ ਦਾ ਮੰਨਣਾ ਹੈ ਕਿ ਬਾਸਮਤੀ ਦੀ ਫ਼ਸਲ ਝੋਨੇ ਦੀਆਂ ਦੂਸਰੀਆਂ ਕਿਸਮਾਂ ਤੋਂ ਪਹਿਲਾਂ ਪੱਕ ਕੇ ਤਿਆਰ ਹੋ ਜਾਵੇਗੀ ਅਤੇ ਓਹਨਾਂ ਦੇ ਖੇਤ ਤੀਸਰੀ ਫ਼ਸਲ ਜਿਵੇਂ ਕਿ ਆਲੂ, ਮਟਰ ਆਦਿ ਦੀ ਕਾਸ਼ਤ ਕਰਨ ਲਈ ਵਿਹਲੇ ਹੋ ਜਾਣਗੇ। ਸੋ ਇਹ ਕਿਸਾਨ ਹੋਰਨਾਂ ਨੌਜਵਾਨਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਿਆ ਹੋਇਆ ਹੈ ਜੋ ਬਾਹਰ ਜਾਣ ਦੀ ਬਜਾਏ ਇੱਥੇ ਰਹਿ ਆਪਣੀ ਪੜ੍ਹਾਈ ਦੇ ਨਾਲ ਚੰਗੀ ਅਤੇ ਲਾਹੇਵੰਦ ਖੇਤੀ ਕਰਨਾ ਚਾਹੁੰਦੇ ਹਨ।

# ਪੰਜਾਬ ਪੁਲਿਸ ਵਲੋਂ ਨਸ਼ਾ ਤਸਕਰਾਂ ਨੂੰ ਗਿਰਫ਼ਤਾਰ ਕਰਣ ਦੀ ਥਾਂ ਤੇ ਹਰਪ੍ਰੀਤ ਸਿੰਘ ਨੂੰ ਫੜਨਾ ਪਰਿਵਾਰ ਨੂੰ ਬਦਨਾਮ ਕਰਣ ਦੀ ਸਾਜ਼ਿਸ਼: ਬੀਬੀ ਰਣਜੀਤ ਕੌਰ



**ਨਵੀਂ ਦਿੱਲੀ, 15 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**-ਪੰਜਾਬ ਪੁਲਿਸ ਨਸ਼ਾ ਤਸਕਰਾਂ ਨੂੰ ਗਿਰਫ਼ਤਾਰ ਕਰਨ ਦੀ ਬਜਾਏ, ਨਸ਼ੇੜੀਆਂ ਨੂੰ ਫੜਕੇ ਖ਼ਾਨਾਪੂਰਤੀ ਕਰਦੀ ਆ ਰਹੀ ਹੈ। ਕਿਓਕਿ ਨਸ਼ਾ ਤਸਕਰੀ ਤਾਂ ਕੇਂਦਰ ਸਰਕਾਰ ਤੋਂ ਲੈਕੇ ਰਾਜ ਸਰਕਾਰਾਂ ਖੁਦ ਕਰਵਾਉਂਦੀਆਂ ਹਨ। ਪਰ ਨਸ਼ਾ ਪੀੜਤ ਪਰਵਾਰਾਂ ਦੀ ਹਾਲ ਦੁਹਾਈ ਨੂੰ ਵੇਖਦਿਆਂ ਹੋਇਆਂ ਸਰਕਾਰਾਂ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਪੁਲਿਸ ਪਿਛਲੇ 12 ਵਰ੍ਹਿਆਂ ਤੋਂ ਹੀ ਨਸ਼ੇੜੀਆਂ ਨੂੰ ਫੜਕੇ ਖ਼ਾਨਾਪੂਰਤੀ ਕਰਦੀ ਆ ਰਹੀ ਹੈ ਜਿਸ ਕਰਕੇ ਬਹੁਤੇ ਨੌਜੁਆਨ ਪੰਜਾਬ ਪੁਲਿਸ ਦੀ ਇਸ ਮੁਹਿੰਮ ਦੇ ਸ਼ਿਕਾਰ ਬਣ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੀ ਮਹਿਲਾ ਵਿੰਗ ਦੇ ਮੁਖ ਸੇਵਾਦਾਰ ਬੀਬੀ ਰਣਜੀਤ ਕੌਰ ਨੇ ਮੀਡੀਆ ਨੂੰ ਜਾਰੀ ਕੀਤੇ ਰਾਹੀਂ ਕਿਹਾ ਕਿ ਐਮਪੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜਦੋਂ ਦੂਜੇ ਸਾਲ ਲਈ ਐਨਐਸਏ ਲੱਗਣ ਤੇ ਵੀ ਨਹੀਂ ਝੁਕੇ ਤੇ ਸਰਕਾਰ ਨੇ ਉਹਨਾਂ ਦੇ ਭਰਾ ਹਰਪ੍ਰੀਤ ਸਿੰਘ ਨੂੰ ਵੀ ਨਸ਼ਾ ਬਰਾਮਦੀ ਦਿਖਾ ਕੇ ਗਿਰਫ਼ਤਾਰ ਕਰ ਲਿਆ। ਮੋਦੀ ਅਤੇ ਪੰਜਾਬ ਸਰਕਾਰ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹਨਾ ਹੱਥਕੰਡਿਆਂ ਨਾਲ ਸਿੱਖਾਂ ਨੂੰ ਦਬਾਇਆ ਨਹੀਂ ਜਾ ਸਕਦਾ । ਤੇ ਇਹ ਓਹੀ ਸਿੱਖ ਹਨ ਜਿਨ੍ਹਾਂ ਨੇ ਇਸ ਦੇਸ਼ ਨੂੰ ਆਜ਼ਾਦ ਕਰਵਾਉਣ ਲਈ 92 ਪਰਸੈਂਟ ਕੁਰਬਾਨੀਆਂ ਦਿਤੀਆਂ ਹਨ । ਪੰਜਾਬ ਪੁਲਿਸ ਅਦਾਲਤ ਅੰਦਰ ਹਰਪ੍ਰੀਤ ਸਿੰਘ ਦੇ ਨਸ਼ੇ ਨਾਲ ਸੰਬੰਧਿਤ ਤਥਾਂ ਬਾਰੇ ਜਾਣਕਾਰੀ ਦੇਣ ਵਿਚ ਫੇਲ ਸਾਬਿਤ ਹੋਈ ਹੈ ਜਿਸ ਲਈ ਉਨ੍ਹਾਂ ਨੂੰ ਹਰਪ੍ਰੀਤ ਸਿੰਘ ਅਤੇ ਹੋਰਾਂ ਦਾ ਰਿਮਾਂਡ ਨਹੀਂ ਮਿਲ ਸਕਿਆ ਜੋ ਕਿ ਇਹ ਸਾਬਿਤ ਕਰਦਾ ਹੈ ਕਿ ਇਹ ਸਭ ਕੁਝ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਪਰਿਵਾਰ ਨੂੰ ਬਦਨਾਮ ਕਰਨ ਦੀ ਚਲੀ ਗਈ ਗੰਦੀ ਚਾਲ ਦਾ ਨਤੀਜਾ ਹੈ । ਅਦਾਲਤ ਅਤੇ ਮੌਜੂਦਾ ਸਰਕਾਰਾਂ ਨੂੰ ਇਸ ਤਰ੍ਹਾਂ ਦੀਆਂ ਚਾਲਾਂ ਚਲਣ ਤੋਂ ਗੁਰੇਜ਼ ਕਰਣਾ ਚਾਹੀਦਾ ਹੈ ਨਹੀਂ ਤਾਂ ਸਿੱਖ ਮੁੜ ਵੱਡੇ ਅੰਦੋਲਨ ਦੀ ਰਾਹ ਪੈ ਸਕਦੇ ਹਨ।

# ਟਰੈਫ਼ਿਕ ਐਜੂਕੇਸ਼ਨ ਸੈੱਲ ਵੱਲੋਂ ਟੈਗੋਰ ਇੰਟਰਨੈਸ਼ਨਲ ਸਕੂਲ ਵਿਖੇ ਟਰੈਫ਼ਿਕ ਨਿਯਮਾਂ ਦੀ ਜਾਣਕਾਰੀ ਦੇਣ ਲਈ ਵਿਸ਼ੇਸ਼ ਤੌਰ 'ਤੇ ਸੈਮੀਨਾਰ ਲਗਾਇਆ ਗਿਆ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 15 ਜੁਲਾਈ (ਕੁਲਜੀਤ ਸਿੰਘ ਖੋਖਰ)**-ਪੁਲਿਸ ਜ਼ਿਲ੍ਹਾ ਗੁਰਦਾਸਪੁਰ ਦੇ ਟਰੈਫ਼ਿਕ ਐਜੂਕੇਸ਼ਨ ਸੈੱਲ ਵੱਲੋਂ ਅੱਜ ਸਥਾਨਕ ਟੈਗੋਰ ਇੰਟਰਨੈਸ਼ਨਲ ਸਕੂਲ ਵਿਖੇ ਸੜਕੀ ਆਵਾਜਾਈ ਨਿਯਮਾਂ ਦੀ ਜਾਣਕਾਰੀ ਦੇਣ ਲਈ ਵਿਸ਼ੇਸ਼ ਤੌਰ 'ਤੇ ਸੈਮੀਨਾਰ ਲਗਾਇਆ ਗਿਆ। ਸੈਮੀਨਾਰ ਦੌਰਾਨ ਟਰੈਫ਼ਿਕ ਇੰਚਾਰਜ ਐੱਸ.ਆਈ ਅਜੇ ਕੁਮਾਰ ਨੇ ਕਿਹਾ ਕਿ ਸਕੂਟਰ ਜਾਂ ਮੋਟਰਸਾਈਕਲ ਚਲਾਉਂਦੇ ਸਮੇਂ ਹੈਲਮਟ ਜ਼ਰੂਰ ਪਾਉਣਾ ਚਾਹੀਦਾ ਹੈ ਅਤੇ ਬਾਈਕ ਦੀ ਸਪੀਡ ਵੀ ਨਾਰਮਲ ਰੱਖਣੀ ਚਾਹੀਦੀ ਹੈ। ਇਸਦੇ ਨਾਲ ਹੀ ਚਾਰ ਪਹੀਆ ਵਾਹਨ ਚਾਲਕਾਂ ਨੂੰ ਵਾਹਨ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਫ਼ੋਨ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ ਕਿਉਂਕਿ ਅਜਿਹਾ ਹੋਣ ਨਾਲ ਕਈ ਤਰ੍ਹਾਂ ਦੇ ਹਾਦਸੇ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਡਰਾਈਵਿੰਗ ਲਾਇਸੈਂਸ ਸਮੇਤ ਵਾਹਨ ਦੇ ਕਾਗ.ਜ਼ਾਤ ਜ਼ਰੂਰ ਨਾਲ ਰੱਖਣੇ ਚਾਹੀਦੇ ਹਨ। ਏ.ਐੱਸ.ਆਈ ਅਮਨਦੀਪ ਸਿੰਘ ਨੇ ਕਿਹਾ ਕਿ ਹੁਣ 16 ਤੋਂ 18 ਸਾਲ ਦੇ ਬੱਚਿਆਂ ਨੂੰ ਬੀ-ਡਰਾਈਵਿੰਗ ਲਾਇਸੈਂਸ ਮਿਲਦਾ ਹੈ ਅਤੇ ਉਹ ਬਿਨਾਂ ਗੇਅਰ ਦੇ ਵਾਹਨ ਚਲਾ ਸਕਦੇ ਹਨ। ਜੇਕਰ ਕੋਈ 18 ਸਾਲ ਤੋਂ ਘੱਟ ਉਮਰ ਦਾ ਬੱਚਾ ਬਿਨਾਂ ਲਾਇਸੈਂਸ ਦੇ ਵਾਹਨ ਚਲਾਉਂਦਾ ਹੈ ਤਾਂ ਉਸ ਬੱਚੇ ਦੇ ਮਾਪਿਆਂ ਖ਼ਿਲਾਫ਼ ਵੀ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਇਸ ਮੌਕੇ ਉਨ੍ਹਾਂ ਪੁਲਿਸ ਹੈਲਪ ਲਾਈਨ 112 ਅਤੇ ਨੈਸ਼ਨਲ ਹਾਈਵੇ ਦੇ ਹੈਲਪ ਲਾਈਨ ਨੰਬਰ 1033 ਬਾਰੇ ਵੀ ਜਾਣਕਾਰੀ ਦਿੱਤੀ। ਸੈਮੀਨਾਰ ਵਿੱਚ ਹਾਜ਼ਰ ਸਮੂਹ

### ਸਿੰਘ ਸਾਹਿਬ ਗਿ ਕੇਵਲ ਸਿੰਘ ਤੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ

# ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗ੍ਰੰਥੀ ਸਾਹਿਬਾਨ ਦੀ ਸੰਭਾਲੀ ਸੇਵਾ





**ਫ਼ਿਰੋਜ਼ਪੁਰ, 15 ਜੁਲਾਈ (ਮਨੋਹਰ ਲਾਲ)** :— ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਨਿਯੁਕਤ ਕੀਤੇ ਗਏ ਗ੍ਰੰਥੀ ਸਾਹਿਬਾਨ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਅੱਜ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਏ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘੁਵੀਰ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖਤ ਸਾਹਿਬ ਦੀ ਫਸੀਲ ਤੋਂ ਸੇਵਾ ਸੰਭਾਲ ਦਾ ਐਲਾਨ ਕੀਤਾ। ਉਪਰੰਤ ਵੱਖ—ਵੱਖ ਸੰਪਰਦਾਵਾ, ਟਕਸਾਲ, ਨਿਹੰਗ ਸਿੰਘ ਦਲ ਅਤੇ ਸਿੰਘ ਸਭਾਵਾ, ਸਭਾ ਸੁਸਾਇਟੀਆ ਦੇ ਨੁਮਾਇੰਦਿਆਂ ਨੇ ਦਸਤਾਰਾਂ ਭੇਂਟ ਕੀਤੀਆਂ, ਉਪਰੰਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਵਿਖੇ ਅਰਦਾਸ ਬੇਨਤੀ ਕਰਨ ਉਪਰੰਤ ਦੋਨੋਂ ਨਿਯੁਕਤ ਹੋਏ ਸਿੰਘ ਸਾਹਿਬਾਨ ਨੇ ਸ੍ਰੀ ਮੁੱਖਵਾਕ ਸਰਵਣ ਕਰਵਾ ਕੇ ਆਪਣੀ ਸੇਵਾ ਸੰਭਾਲ ਅਰੰਭ ਕੀਤੀ। ਇਸ ਸਮੇਂ ਸਿੰਘ ਸਾਹਿਬ ਗਿਆਨੀ ਰਘੁਵੀਰ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ, ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ, ਗਿਆਨੀ ਜੀਵਾ, ਗਿਆਨੀ ਜੋਬਨਪ੍ਰੀਤ ਸਿੰਘ, ਗਿਆਨੀ ਤਰਲੋਚਨ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਬੋਹੜ ਸਿੰਘ, ਸਿੰਘ ਸਾਹਿਬ ਰਾਜਦੀਪ ਸਿੰਘ, ਜਥੇਦਾਰ ਅਜੀਤ ਸਿੰਘ, ਜਥੇਦਾਰ ਕਿੱਕਰ ਸਿੰਘ, ਭਾਈ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਕਮੇਟੀ, ਭਾਈ ਅਜਾਇਬ ਸਿੰਘ ਅਭਿਆਸੀ, ਭਾਈ ਅਵਤਾਰ ਸਿੰਘ ਵਣਵਾਲਾ, ਭਾਈ ਕੁਲਦੀਪ ਸਿੰਘ ਰੋਡੇ ਆਦਿ ਨੁਮਾਇੰਦੇ ਸ਼ਾਮਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਕਿਸਾਨੀ ਮਸਲਿਆਂ ਨੂੰ ਲੈ ਕੇ

# ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਹੋਈ ਮੀਟਿੰਗ



**ਫ਼ਿਰੋਜ਼ਪੁਰ, 15 ਜੁਲਾਈ (ਮਨੋਹਰ ਲਾਲ)** :— ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜਿਲ੍ਹਾ ਫਿਰੋਜ਼ਪੁਰ ਦੀ ਮਹੀਨਾ ਵਾਰੀ ਮੀਟਿੰਗ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਜਿਲਾ ਪ੍ਰਧਾਨ ਜੰਗੀਰ ਸਿੰਘ ਖਹਿਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਰਾਗੜੀ ਸਾਹਿਬ ਵਿਖੇ ਕੀਤੀ ਗਈ। ਇਸ ਮੌਕੇ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਾਨੀ ਮਰਹੂਮ ਪ੍ਰਧਾਨ ਬਲਕਾਰ ਸਿੰਘ ਡਕੌਂਦਾ ਦੀ ਚੌਦਵੀਂ ਬਰਸੀ ਮੌਕੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਗੁਰਦੁਆਰਾ ਸਾਰਾਗੜੀ ਸਾਹਿਬ ਵਿਖੇ ਬਲਕਾਰ ਸਿੰਘ ਡਕੌਂਦਾ ਦੀ ਜਥੇਬੰਦੀ ਵਿੱਚ ਕੀਤੀਆਂ ਹੋਈਆਂ ਪ੍ਰਾਪਤੀਆਂ ਬਾਰੇ ਵਿਚਾਰ—ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਬਲਕਾਰ ਸਿੰਘ ਡਕੌਂਦਾ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਜਵਾਨੀ ਪਹਿਰੇ ਤੋਂ ਹੀ ਵਿਗਿਆਨਿਕ ਨਜ਼ਰੀਆ ਹਾਸਲ ਕਰ ਲਿਆ ਸੀ ਅਤੇ ਬਲਕਾਰ ਸਿੰਘ ਡਕੌਂਦਾ 30 ਤੋਂ 35 ਸਾਲ ਲੋਕ ਪੱਖੀ ਜਥੇਬੰਦੀਆਂ ਵਿੱਚ ਆਗੂ ਹੈਸੀਅਤ ਵਿੱਚ ਵਿਚਰਦੇ ਰਹੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਿੱਚ ਏਕਤਾ ਸਥਾਪਤ ਕਰਨ ਲਈ ਪਹਿਲ ਕਦਮੀ ਕਰਨ ਵਾਲੇ ਬਲਕਾਰ ਸਿੰਘ ਡਕੌਂਦਾ ਨੇ 2007 ਤੋਂ ਜਥੇਬੰਦੀ ਦੀ ਸਥਾਪਨਾ ਵੇਲੇ ਵਡੇਰੀ ਜਿੰਮੇਵਾਰੀ ਸੰਭਾਲੀ ਸੀ। ਉਨ੍ਹਾਂ ਕਿਹਾ ਕਿ ਬਲਕਾਰ ਸਿੰਘ ਡਕੌਂਦਾ ਨੇ 1991 ਚੋਂ ਦੇਸ਼ ਵਿੱਚ ਲਾਗੂ ਕੀਤੀਆਂ ਵਿਸ਼ਵੀਕਰਨ ਨਿਜੀਕਰਨ ਅਤੇ ਉਦਾਰੀ ਕਰਨ ਦੀਆਂ ਨੀਤੀਆਂ ਤੋਂ ਚਿੰਤਤ ਸਨ, ਭਾਵੇਂ ਉਹ ਆਪਣੀ ਧਰਮ ਪਤਨੀ ਸਮੇਤ ਇੱਕ ਦਰਦਨਾਕ ਸੜਕ ਹਾਦਸੇ ਵਿੱਚ 13 ਜੁਲਾਈ 2010 ਨੂੰ ਸਾਨੂੰ ਸਰੀਰਕ ਤੌਰ ਤੇ ਸਦੀਵੀਂ ਵਿਛੋੜਾ ਦੇ ਗਏ ਸਨ, ਪਰ ਉਹ ਵਿਚਾਰਾਂ ਦੇ ਰੂਪ ਵਿੱਚ ਸਾਡੇ ਦਿਲਾਂ ਵਿੱਚ ਹਮੇਸ਼ਾ ਵੱਸਦੇ ਹਨ ਅਤੇ ਸਾਡੇ ਲਈ ਪ੍ਰੇਰਨਾ ਸਰੋਤ ਹਨ। ਇਸ ਮੌਕੇ ਜ਼ਿਲ੍ਹੇ ਵਿੱਚ ਖਾਲੀ ਪਏ ਹੋਏ ਅਹੁਦਿਆਂ ਉੱਪਰ ਜਿਹੜੇ ਕਿ ਪਹਿਲਾਂ ਤੋਂ ਕਾਰਜਕਾਰੀ ਅਹੁਦਿਆਂ ਉੱਪਰ ਸਨ, ਉਨ੍ਹਾਂ ਨੂੰ ਪੱਕੇ ਤੌਰ ਤੇ ਸਥਾਪਿਤ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਜਗੀਰ ਸਿੰਘ ਖਹਿਰਾ, ਜ਼ਿਲਾ ਜਨਰਲ ਸਕੱਤਰ ਗੁਲਜਾਰ ਸਿੰਘ ਕੱਬਰਵੱਛਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਕੜਮਾ, ਜ਼ਿਲਾ ਮੀਤ ਪ੍ਰਧਾਨ ਬਗੀਚਾ ਸਿੰਘ, ਜ਼ਿਲ੍ਹਾ ਪ੍ਰੈਸ ਸਕੱਤਰ ਲਖਵੀਰ ਸਿੰਘ ਡੋਡ, ਜ਼ਿਲਾ ਖਜਾਨਚੀ ਪ੍ਰਨੀਤ ਸਿੰਘ ਭੜਾਣਾ, ਜ਼ਿਲਾ ਕਮੇਟੀ ਮੈਂਬਰ ਪਰਵਿੰਦਰ ਕੌਰ, ਜ਼ਿਲਾ ਕਮੇਟੀ ਮੈਂਬਰ ਰਾਜਵੀਰ ਕੌਰ, ਜ਼ਿਲਾ ਕਮੇਟੀ ਮੈਂਬਰ ਸ਼ਮਸ਼ੇਰ ਸਿੰਘ ਸ਼ਿਹਜ਼ਾਦੀ। ਇਸ ਮੌਕੇ ਸੂਬਾ ਮੀਤ ਪ੍ਰਧਾਨ ਹਰੀਸ਼ ਨੱਢਾ ਕੰਬੋਜ ਲਾਧੂਕਾ ਵਿਸ਼ੇਸ਼ ਤੌਰ ਤੇ ਪਹੁੰਚੇ, ਜਦੋਂ ਕਿ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਹਰਬੰਸ ਸਿੰਘ ਜੋਧਪੁਰ, ਜਗਤਾਰ ਸਿੰਘ ਭੱਟੀਆਂ ਗੁਰੂਹਰਸਹਾਏ ਇੱਕ ਬਲਾਕ ਸੰਦੀਪ ਕੁਮਾਰ ਗੁਰੂਹਰਸਹਾਏ ਦੋ ਬਲਾਕ ਪ੍ਰਧਾਨ ਸੁਖਦੇਵ ਢੋਟ, ਸਤਨਾਮ ਚੰਦ ਸੰਧਾ ਫਿਰੋਜਪੁਰ ਬਲਾਕ ਪ੍ਰਧਾਨ ਅਮਰੀਕ ਸਿੰਘ ਪੱਲਾ ਮੇਘਾ ਮੇਜਰ ਸਿੰਘ, ਸੁਖਦੇਵ ਸਿੰਘ, ਜੋਗਿੰਦਰ ਸਿੰਘ ਨੂਰਪੁਰ ਘਲ ਬਲਾਕ ਪ੍ਰਧਾਨ ਸਾਹਿਬ ਸਿੰਘ ਵਾੜਾ ਭਾਈ ਕਾ ਅੰਮ੍ਰਿਤਪਾਲ ਸਿੰਘ, ਬੂਟਾ ਸਿੰਘ ਮਖੂ ਬਲਾਕ ਪ੍ਰਧਾਨ ਮੁਣਛਾ ਸਿੰਘ, ਕਸ਼ਮੀਰ ਕੌਰ, ਜਸਵਿੰਦਰ ਕੌਰ, ਰਣਜੀਤ ਕੌਰ ਸੋਨੂ ਨੰਬਰਦਾਰ, ਸ਼ਾਮ ਲਾਲ, ਜੱਟੂ ਰਾਮ, ਬਲਵਿੰਦਰ ਸਿੰਘ, ਰਮੇਸ਼ ਲਾਲ ਜਨਰਲ ਸਕੱਤਰ, ਗੁਰਦੇਵ ਸਿੰਘ, ਰਮਣ ਕੁਮਾਰ ਪ੍ਰੈਸ ਸਕੱਤਰ ਗੁਰਦਿਆਲ ਚੰਦ, ਬਲਵਿੰਦਰ ਸਿੰਘ, ਰੇਸ਼ਮ ਸਿੰਘ, ਜਸਪਾਲ ਸਿੰਘ, ਅੰਗਰੇਜ ਸਿੰਘ, ਸ਼ਿੰਦਰ ਸਿੰਘ, ਪ੍ਰੇਮਪਾਲ ਸਿੰਘ, ਸਾਹਿਬ ਸਿੰਘ, ਗੁਰਚਰਨ ਸਿੰਘ ਨਾਜੂ ਸ਼ਾਹ ਵਾਲਾ, ਹਰਜਿੰਦਰ ਸਿੰਘ ਬੂੜੇਵਾਲਾ, ਜਸਵੰਤ ਸਿੰਘ, ਜਗਤਾਰ ਸਿੰਘ ਲਾਲੀ, ਬੋਹੜ ਸਿੰਘ, ਹਰਨੇਕ ਸਿੰਘ, ਕੁਲਜੀਤ ਸਿੰਘ, ਗੁਰਭੇਜ ਸਿੰਘ, ਜਸਵਿੰਦਰ ਸਿੰਘ ਪੱਪੂ, ਮੁਖਤਿਆਰ ਸਿੰਘ, ਸੇਵਾ ਸਿੰਘ, ਅੰਗਰੇਜ ਸਿੰਘ, ਕਰਨੈਲ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਫੌਰੈਸਟ ਪੈਨਸ਼ਨ ਵੈਲਫੇਅਰ ਦੀ 18 ਨੂੰ ਹੋਣ ਵਾਲੀ ਮੀਟਿੰਗ ਵਿਚ ਮੁਸ਼ਕਲਾਂ ਦੇ ਹੱਲ ਲਈ ਹੋਣਗੀਆਂ ਵਿਚਾਰਾਂ : ਮਹਿੰਦਰ ਸਿੰਘ ਧਾਲੀਵਾਲ

ਫ਼ਿਰੋਜ਼ਪੁਰ, 15 ਜੁਲਾਈ (ਮਨੋਹਰ ਲਾਲ) :— ਪੰਜਾਬ ਫੋਰੈਸਟ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੀ ਜਰੂਰੀ ਮੀਟਿੰਗ ਬਲਵਿੰਦਰ ਸਿੰਘ ਸੰਧੂ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਜੋਗਾ ਨੰਦ ਰੋਡ ਨੇੜੇ ਵਣ ਮੰਡਲ ਅਫ਼ਸਰ ਬਠਿੰਡਾ ਦੇ ਦਫਤਰ ਵਿਖੇ ਹੋਈ। ਇਸ ਮੀਟਿੰਗ ਵਿਚ ਹੋਏ ਫੈਸਲੇ ਅਨੁਸਾਰ ਐਸੋਸੀਏਸ਼ਨ ਦੀ ਅਗਲੀ ਮੀਟਿੰਗ 18 ਜੁਲਾਈ 24 ਦਿਨ ਵੀਰਵਾਰ ਨੂੰ ਰੱਖੀ ਗਈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਪੈਨਸ਼ਨਰਜ਼ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ 18 ਜੁਲਾਈ ਨੂੰ ਹੋਣ ਵਾਲੀ ਮੀਟਿੰਗ ਸਵੇਰੇ 11 ਵਜੇ ਬਨਾਸਰ ਬਾਗ ਸੰਗਰੂਰ ਵਿਚੇ ਹੋਵੇਗੀ। ਉਨ੍ਹਾਂ ਦੱਸਿਆ ਕਿ ਹੋਣ ਵਾਲੀ ਮੀਟਿੰਗ ਵਿਚ ਐਸੋਸੀਏਸ਼ਨ ਵੱਲੋਂ ਜਥੇਬੰਦੀ ਦੀ ਰਜਿਸਟਰੇਸ਼ਨ ਕਰਵਾਉਣ ਸਮੇਤ ਮੈਂਬਰਸ਼ਿਪ ਕਰਨ ਅਤੇ ਚਲਦੀਆਂ ਅਪੀਲਾਂ ਤੇ ਕੇਸਾਂ ਦਾ ਸਮਾਂਬੱਧ ਨਿਪਟਾਰਾ ਕਰਨ ਲਈ ਵਿਚਾਰਾਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਦੌਰਾਨ ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਨੌਕਰੀਆਂ ਦੇਣ, ਵਣ ਪੈਨਸ਼ਨਰਾਂ ਦੇ ਬਣਦੇ ਸੇਵਾ ਲਾਭ, ਗਰੈਚੂਇਟੀ ਲੀਵ, ਇਨਕੈਸ਼ਮੈਂਟ, ਜੀ.ਆਈ.ਐਸ, ਏ.ਸੀ.ਪੀ ਦਾ ਲਾਭ ਦੇਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਗੱਲਬਾਤ ਜਾਰੀ ਰੱਖਦਿਆਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਮੋਹਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਮੀਟਿੰਗ ਵਿਚ ਸੂਬਾ ਕਮੇਟੀ ਦੇ ਸਮੂਹ ਅਹੁਦੇਦਾਰ ਆਪਣੇ ਪੈਨ ਕਾਰਡ, ਅਧਾਰ ਕਾਰਡ ਅਤੇ ਪਾਸਪੋਰਟ ਸਾਈਜ ਫੋਟੋਜ਼ ਮੀਟਿੰਗ ਵਿਚ ਜਰੂਰ ਲਿਆਉਣ। ਇਸ ਮੌਕੇ ਬੋਲਦਿਆਂ ਸੂਬਾ ਖਜਾਨਚੀ ਮੈਂਬਰਸ਼ਿਪ ਪ੍ਰਾਪਤ ਹੋਏ ਫੰਡ ਅਤੇ ਖਰਚੇ ਬਾਰੇ ਲਿਖਤੀ ਰਿਪੋਰਟ ਲਿਆਉਣ ਜਿੰਨਾ ਮੰਡਲ ਕਮੇਟੀਆਂ ਨੇ ਮੈਂਬਰਸ਼ਿਪ ਕੀਤੀ ਹੈ, ਉਸ ਦੀ ਲਿਖਤੀ ਰਿਪੋਰਟ ਲਿਆਉਣ ਦੀ ਕਿਰਪਾ ਕਨਗੇ। ਮੀਟਿੰਗ ਵਿੱਚ ਸਰਕਾਰ ਪੱਧਰ ਪ੍ਰਧਾਨ ਮੁੱਖ ਵਣ ਪਾਲ ਮੋਹਾਲੀ, ਮੁੱਖ ਵਣ ਪਾਲ ਮੋਹਾਲੀ ਸਰਕਲ ਅਤੇ ਮੰਡਲ ਪੱਧਰ ਦੇ ਕੇਸਾਂ ਦੇ ਨਿਪਟਾਰੇ ਲਈ ਵਿਚਾਰ ਵਟਾਂਦਰਾ ਕਰਨ ਉਪਰੰਤ ਅਗਲੇ ਐਕਸ਼ਨ ਅਤੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਦੀ ਰੂਪ—ਰੇਖਾ ਤਿਆਰ ਕੀਤੀ ਜਾਵੇਗੀ। ਇਸ ਲਈ ਇਸ ਜਰੂਰੀ ਮੀਟਿੰਗ ਵਿੱਚ ਸਮੂਹ ਅਹੁਦੇਦਾਰ ਆਗੂ ਸੂਬਾ ਕਮੇਟੀ ਸਰਗਰਮ ਮੈਂਬਰ ਆਪਣੀ ਹਾਜਰੀ ਯਕੀਨੀ ਬਣਾਉਣਗੇ।

# ਸਬ ਇੰਸਪੈਕਟਰ ਗੁਰਪਾਲ ਸਿੰਘ ਨੇ ਥਾਣਾ ਸ਼ੇਰਪੁਰ ਵਿਖੇ ਐਸ ਐਚ ਓ ਵਜੋਂ ਚਾਰਜ ਸੰਭਾਲਿਆ



**ਸ਼ੇਰਪੁਰ, ( ਰਣਜੀਤ ਸਿੰਘ ਪੇਧਨੀ )**-ਥਾਣਾ ਸੇਰਪੁਰ ਵਿਖੇ ਅੱਜ ਸਬ ਇੰਸਪੈਕਟਰ ਗੁਰਪਾਲ ਸਿੰਘ ਵੱਲੋਂ ਐਸ,ਐਚ,ਓ ਵਜੋਂ ਚਾਰਜ ਸੰਭਾਲਿਆ। ਇਸ ਮੌਕੇ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ,ਐਚ,ਓ ਗੁਰਪਾਲ ਸਿੰਘ ਨੇ ਕਿਹਾ ਹੈ ਕਿ ਪੁਲਿਸ ਅਤੇ ਪ੍ਰੈਸ ਦੇ ਸਹਿਯੋਗ ਨਾਲ ਹੀ ਸਮਾਜਿਕ ਕੁਰੀਤੀਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਉਹਨਾਂ ਅੱਗੇ ਦੱਸਿਆ ਕਿ ਕਸ਼ਬੇ ਅੰਦਰ ਨਸ਼ਿਆਂ ਨੂੰ ਠੱਲ ਪਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਨਸ਼ਾ ਛੜਾਓ ਕਮੇਟੀ ਦੇ ਆਗੂਆਂ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਪੂਰਨ ਸਹਿਯੋਗ ਲਿਆ ਜਾਵੇਗਾ। ਥਾਣਾ ਮੁਖੀ ਨੇ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੇ ਕਮੇਟੀ ਦੇ ਸਮੁੱਚੇ ਮੈਂਬਰਾਂ ਦੀ ਸਲਾਘਾ ਵੀ ਕੀਤੀ। ਉਹਨਾਂ ਕਿਹਾ ਕਿ ਨਸ਼ਾ ਵਿਰੋਧੀ ਤਾਕਤਾਂ ਅਤੇ ਗੁੰਡਾਗਰਦੀ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਚੰਗੇ ਸਮਾਜ ਦੀ ਸਿਰਜਣਾ ਲਈ ਲੋਕਾਂ ਦਾ ਸਹਿਯੋਗ ਹੋਣਾ ਬੇਹੱਦ ਜਰੂਰੀ ਹੈ ਫਿਰ ਹੀ ਅਸੀਂ ਆਪਣੇ ਇਲਾਕੇ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖ ਸਕਦੇ ਹਾਂ। ਅੰਤ ਵਿੱਚ ਉਹਨਾਂ ਇਹ ਵੀ ਕਿਹਾ ਕਿ ਥਾਣੇ ਵਿੱਚ ਹਰ ਇੱਕ ਵਿਅਕਤੀ ਨੂੰ ਪੂਰਾ ਮਾਨ ਸਨਮਾਨ ਅਤੇ ਇਨਸਾਫ ਦਿੱਤਾ ਜਾਵੇਗਾ। ਇਸ ਉਪਰੰਤ ਉਨਾਂ ਪੱਤਰਕਾਰਾਂ ਤੋਂ ਵੀ ਸੁਝਾਅ ਮੰਗੇ। ਇਸ ਮੌਕੇ ਗੁਰਤੇਜ ਸਿੰਘ ਅਤੇ ਗੁਰਪਾਲ ਸਿੰਘ ਦੋਵੇਂ ਏਐਸਆਈ ਮੁੱਖ ਮੁਨਸੀ ਰਾਮ ਸਿੰਘ ਤੋਂ ਇਲਾਵਾ ਹੋਰ ਵੀ ਮੁਲਾਜ਼ਮ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਟੀ.ਬੀ ਇੰਟਰਨੈਸ਼ਨਲ ਸਕੂਲ ਨੇ ਬੱਚਿਆਂ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਕੀਤੀ ਪੀ.ਟੀ.ਐਮ



ਫ਼ਿਰੋਜ਼ਪੁਰ, 15 ਜੁਲਾਈ (ਮਨੋਹਰ ਲਾਲ) :— ਮੋਗਾ ਰੋਡ ਤੇ ਸਥਿਤ ਟੀ.ਬੀ ਇੰਟਰਨੈਸ਼ਨਲ ਸਕੂਲ ਵਿੱਚ ਪੇਰੈਂਟਸ—ਟੀਚਰ ਮੀਟਿੰਗ (ਪੀ.ਟੀ.ਐਮ) ਦਾ ਆਯੋਜਨ ਕੀਤਾ ਗਿਆ। ਬੱਚਿਆਂ ਅੰਦਰਲੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਕੀਤੀ ਗਈ ਪੀ.ਟੀ.ਐਮ ਦਾ ਆਯੋਜਨ ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਮਹਾਂਸੰਚਾਲਕ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਡੀਪਾਲੀ ਸ਼ਰਮਾ ਦੇ ਨਿਰਦੇਸ਼ਾਂ ਤੇ ਮਾਪੇ—ਅਧਿਆਪਕ ਮੀਟਿੰਗ (ਪੀ.ਟੀ.ਐਮ.) ਕਰਵਾਈ ਗਈ। ਇਸ ਮੌਕੇ ਸਕੂਲ ਪ੍ਰਿੰਸਿਪਲ ਰੇਖਾ ਪਾਸੀ ਨੇ ਦੱਸਿਆ ਕਿ ਪੀ.ਟੀ.ਐਮ ਦਾ ਉਦੇਸ਼ ਪੀ.ਟੀ—1 ਦੀਆਂ ਪ੍ਰੀਖਿਆਵਾਂ ਦੇ ਨਤੀਜੇ ਦੇ ਨਾਲ—ਨਾਲ ਅਭਿਭਾਵਕਾਂ ਨੂੰ ਅਵਗਤ ਕਰਵਾਉਣਾ ਸੀ ਅਤੇ ਵਿਦਿਆਰਥੀਆਂ ਦੁਆਰਾ ਪ੍ਰੀਖਿਆ ਵਿੱਚ ਅਰਜਿਤ ਅੰਕ ਅਤੇ ਕਲਾਸ ਵਿੱਚ ਰਹੇ ਉਨ੍ਹਾਂ ਦੇ ਪ੍ਰਦਰਸ਼ਨ ਨਾਲ ਅਭਿਭਾਵਕਾਂ ਨੂੰ ਅਵਗਤ ਕੀਤਾ ਗਿਆ। ਇਸ ਦੌਰਾਨ ਵਿਚਾਰ ਸਾਂਝੇ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੀ.ਟੀ.ਐਮ ਦੇ ਮਾਧਿਅਮ ਨਾਲ ਅਭਿਭਾਵਕਾਂ ਨੂੰ ਬੱਚੇ ਦੀ ਪੜਾਈ ਵਿੱਚ ਉਨ੍ਹਾਂ ਦੇ ਸਤਾਰ ਨੂੰ ਲੈ ਕੇ ਵਿਸਤਾਰਿਤ ਜਾਣਕਾਰੀ ਦੇਣੀ ਹੈ ਤਾਂ ਕਿ ਵਿਦਿਆਰਥੀ ਉੱਚ ਸਤਾਰ ਤੱਕ ਪਹੁੰਚ ਸਕਣ। ਇਸੇ ਨਾਲ ਅਧਿਆਪਕਾਂ ਅਤੇ ਅਭਿਭਾਵਕਾਂ ਦਰਮਿਆਨ ਬੱਚੇ ਦੀ ਪੜਾਈ ਨਾਲ ਸਬੰਧਤ ਅਤੇ ਉਤਮ ਨਤੀਜੇ ਲਿਆਉਣ ਵਿੱਚ ਵੀ ਸਹਾਇਤਾ ਮਿਲਦੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਉਣ ਵਾਲੀ ਮਾਸਿਕ ਪ੍ਰੀਖਿਆਵਾਂ ਅਤੇ ਪੀ.ਟੀ—1 ਦੀਆਂ ਪ੍ਰੀਖਿਆਵਾਂ ਵਿੱਚ ਹੋਰ ਮਿਹਨਤ ਅਤੇ ਲਗਨ ਨਾਲ ਪੜਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਸਕੂਲ ਦੇ ਸਟਾਫ ਅਤੇ ਬੱਚੇ ਦੇ ਅਭਿਭਾਵਕ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਜਨਮ ਦਿਨ ਮੁਬਾਰਕ







**ਮਨਵੀਰ ਸਿੰਘ**

ਪਿਤਾ ਸਤਨਾਮ ਸਿੰਘ,
ਮਾਤਾ ਇੰਦਰਪਰੀਤ ਕੌਰ ,
ਪਿੰਡ ਚੰਨਣਕੇ, ਜਿਲਾ ਸ੍ਰੀ ਅੰਮ੍ਰਿਤਸਰ ਸਾਹਿਬ।

ਆਵਾਜ਼ਿ ਕੌਮ AWAZE QAUM International Newspaper & WEB TV

### ਯਾਦਗਾਰੀ ਹੋ ਨਿਬੜਿਆ ਹਰਿਆਣਾ ਕਮੇਟੀ ਦਾ

# ਦਸਵਾਂ ਸਾਲਾਨਾ ਸਥਾਪਨਾ ਦਿਵਸ ਸਮਾਗਮ ਮਨਾਇਆ ਗਿਆ



**ਕਰਨਾਲ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 14 ਜੁਲਾਈ 2014 ਨੂੰ ਵਿਧਾਨ ਸਭਾ ਵਿੱਚ ਬਹੁਮਤ ਨਾਲ ਬਿੱਲ ਪਾਸ ਕਰਕੇ ਗੁਰਦੁਆਰਾ ਐਕਟ 2014 ਬਣਾਕੇ ਹਰਿਆਣਾ ਸਰਕਾਰ ਨੇ ਸਥਾਪਿਤ ਕੀਤੀ ਸੀ ਜਿਸ ਨੂੰ 2022 ਵਿੱਚ ਮਾਨਯੋਗ ਸੁਪਰੀਮ ਕੋਰਟ ਨੇ ਵੀ ਕਾਨੂੰਨੀ ਮਾਨਤਾ ਪ੍ਰਦਾਨ ਕੀਤੀ ਸੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 10ਵਾਂ ਸਲਾਨਾ ਸਥਾਪਨਾ ਦਿਵਸ ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਚੜਦੀਕਲਾ ਦੇ ਨਾਲ ਮਨਾਇਆ ਗਿਆ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ ਜਿਸ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਚੱਜਾ ਕਰਨ ਅਤੇ ਧਰਮ ਪ੍ਰਚਾਰ ਪ੍ਰਸਾਰ ਦੀਆਂ ਸੇਵਾਵਾਂ ਆਪਣੇ ਸਕੂਲਾਂ ਕਾਲਜਾਂ ਵਿੱਚ ਵਿੱਦਿਅਕ ਸੇਵਾਵਾਂ ਨੂੰ ਵੀ ਵਧੀਆ ਤਰੀਕੇ ਨਾਲ ਚਲਾਉਣ ਦੇ ਯਤਨ ਕੀਤੇ ਜਾ ਰਹੇ ਹਨ ਜਥੇਦਾਰ ਦਾਦੂਵਾਲ ਜੀ ਨੇ ਦੱਸਿਆ ਕੇ ਸਮਾਗਮ ਦੌਰਾਨ ਗੁਰੂ ਦੇ ਸ਼ੁਕਰਾਨੇ ਵਜੋਂ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਉਪਰੰਤ ਸਾਰਾ ਦਿਨ ਗੁਰਬਾਣੀ ਕਥਾ ਕੀਰਤਨ ਗੁਰਮਤਿ ਵਿਚਾਰਾਂ ਦੇ ਸਮਾਗਮ ਚੱਲੇ ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਪ੍ਰਚਾਰਕ ਪੰਥਕ ਆਗੂ ਸਾਹਿਬਾਨਾਂ ਨੇ ਹਜ਼ਾਰਾਂ ਦੀ ਤਾਦਾਦ ਵਿੱਚ ਜੁੜੀਆਂ ਸਿੱਖ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕੀਤੇ ਇਸ ਸਮੇਂ ਹਰਿਆਣਾ ਕਮੇਟੀ ਲਈ ਸੰਘਰਸ਼ ਕਰਨ ਵਾਲਿਆਂ ਦਾ ਸਿਰਪਾਉ ਸਨਮਾਨ ਚਿੰਨ ਦੇ ਕੇ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਪੰਥ ਪ੍ਰਸਿੱਧ ਜੱਥਾ ਭਾਈ ਜਲਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ,ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ,ਭਾਈ ਗੁਰਸੇਵਕ ਸਿੰਘ ਚਮਕਾਰਾ ਢਾਡੀ ਜੱਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ ਜਥੇਦਾਰ ਭੁਪਿੰਦਰ ਸਿੰਘ ਅਸੰਧ ਨੇ ਆਈਆਂ ਸਿੱਖ ਸੰਗਤਾਂ ਕਮੇਟੀ ਦੇ ਅਹੁਦੇਦਾਰ ਤੇ ਮੈਂਬਰ ਸਾਹਿਬਾਨਾਂ ਦਾ ਵੀ ਧੰਨਵਾਦ ਕੀਤਾ ਇਸ ਸਮੇਂ ਸੰਗਤਾਂ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਜਥੇਦਾਰ ਕਰਨੈਲ ਸਿੰਘ ਪੰਜੋਲੀ ਸਾਬਕਾ ਜਨਰਲ ਸਕੱਤਰ ਤੇ ਮੌਜੂਦਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਭਾਈ ਸਰਬਜੀਤ ਸਿੰਘ ਵਿਰਕ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਡਾਕਟਰ ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਪੰਜਾਬ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਪਦਮ ਸ੍ਰੀ ਜਗਜੀਤ ਸਿੰਘ ਦਰਦੀ ਚੜਦੀਕਲਾ ਗਰੁੱਪ,ਭਾਈ ਸੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ,ਭਾਈ ਸੁਖਵਿੰਦਰ ਸਿੰਘ ਮੰਡੇਬਰ ਜਨਰਲ ਸਕੱਤਰ,ਭਾਈ ਕੰਵਲਜੀਤ ਸਿੰਘ ਅਜਰਾਨਾ ਸਪੋਕਸਮੈਨ,ਬੀਬੀ ਰਵਿੰਦਰ ਕੌਰ ਅਜਰਾਣਾ ਜੂਨੀਅਰ ਮੀਤ ਪ੍ਰਧਾਨ,ਭਾਈ ਗੁਰਵਿੰਦਰ ਸਿੰਘ ਧਮੀਜਾ,ਬੀਬੀ ਬਲਜਿੰਦਰ ਕੌਰ ਕੈਥਲ ਸਾਬਕਾ ਮੈਂਬਰ ਨੇ ਵੀ ਸੰਬੋਧਨ ਕੀਤਾ ਇਸ ਸਮੇਂ ਭਾਈ ਤਰਵਿੰਦਰਪਾਲ ਸਿੰਘ ਅੰਬਾਲਾ ਅੰਤ੍ਰਿੰਗ ਮੈਂਬਰ,ਭਾਈ ਤਜਿੰਦਰਪਾਲ ਸਿੰਘ ਨਾਰਨੌਲ ਅੰਤ੍ਰਿੰਗ ਮੈਂਬਰ,ਭਾਈ ਪਰਮਜੀਤ ਸਿੰਘ ਮਾਖਾ ਮੈਂਬਰ,ਭਾਈ ਹਰਭਜਨ ਸਿੰਘ ਰੋਹਤਕ ਮੈਂਬਰ,ਭਾਈ ਮਾਲਕ ਸਿੰਘ ਕੰਗ ਮੈਂਬਰ,ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਆਗੂ ਪੰਥਕ ਸੇਵਾ ਲਹਿਰ ਦਾਦੂ ਸਾਹਿਬ,ਬਾਬਾ ਜੀਵਨ ਸਿੰਘ ਚੁਨਾਗਰਾ,ਬਾਬਾ ਗੁਰਦੇਵ ਸਿੰਘ ਕਾਰ ਸੇਵਾ ਬਨੂੜ,ਭਾਈ ਸੁਰਿੰਦਰ ਸਿੰਘ ਕਿਸ਼ਨਪੁਰਾ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ,ਭਾਈ ਜਗਜੀਤ ਸਿੰਘ ਰਤਨਗੜ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ,ਭਾਈ ਭੁਪਿੰਦਰ ਸਿੰਘ ਗਿੰਨੀ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਭਾਈ ਰਜਿੰਦਰ ਸਿੰਘ ਬਕਾਲਾ,ਭਾਈ ਮਲਵਿੰਦਰ ਸਿੰਘ ਬੇਦੀ,ਭਾਈ ਗੁਲਸਨ ਸਿੰਘ ਗਰੋਵਰ ਕਾਲਕਾ,ਭਾਈ ਸੂਰਤ ਸਿੰਘ ਰੱਤਕ,ਭਾਈ ਜਸਵਿੰਦਰ ਸਿੰਘ ਦੀਨਪੁਰ ਚੀਫ ਸਕੱਤਰ,ਭਾਈ ਸਰਬਜੀਤ ਸਿੰਘ ਜੰਮੂ ਧਰਮ ਪ੍ਰਚਾਰ ਸਕੱਤਰ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਹਾਜ਼ਰ ਸਨ।

### ਗੁਰਪ੍ਰਤਾਪ ਸਿੰਘ ਵਡਾਲਾ ਸਰਬਸੰਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਨਿਯੁਕਤ

# ਪੰਜਾਬ ਦੇ ਹਿੱਤਾਂ ਲਈ ਪੰਜ ਸੈਮੀਨਾਰ ਕਰਵਾਉਣ ਦਾ ਵੀ ਕੀਤਾ ਗਿਆ ਐਲਾਨ



### 30 ਜੁਲਾਈ ਨੂੰ ਜਥੇ. ਮੋਹਨ ਸਿੰਘ ਤੁੜ ਦੀ ਬਰਸੀ, 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ, 24 ਸਤੰਬਰ ਨੂੰ ਜਥੇ. ਗੁਰਚਰਨ ਸਿੰਘ ਟੌਹੜਾ ਦਾ 100ਵਾਂ ਜਨਮ ਮਨਾਉਣ ਦਾ ਵੀ ਕੀਤਾ ਗਿਆ ਫੈਸਲਾ

ਚੰਡੀਗੜ੍ਹ, 15 ਜੁਲਾਈ (ਆਵਾਜ਼ਿ ਕੌਮ ਬਿਊਰੋ): ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਮੀਟਿੰਗ ਜੋ ਅੱਜ ਚੰਡੀਗੜ ਵਿੱਖੇ ਹੋਈ ਵਿਚ ਅੱਜ ਸਰਬਸੰਮਤੀ ਨਾਲ ਸ: ਗੁਰਪ੍ਰਤਾਪ ਸਿੰਘ ਵਡਾਲਾ ਮੈਂਬਰ ਕੋਰ ਕਮੇਟੀ ਤੇ ਸਾਬਕਾ ਐਮਐਲਏ ਨੂੰ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦਾ ਕਨਵੀਨਰ ਬਣਾ ਦਿੱਤਾ ਗਿਆ ਹੈ। ਇਸ ਦੇ ਨਾਲ 11 ਮੈਂਬਰੀ ਪ੍ਰੀਜੀਡੀਅਮ ਬਣਾਉਣ ਨੂੰ ਵੀ ਮੀਟਿੰਗ ਵਿਚ ਪ੍ਰਵਾਨਗੀ ਦੇ ਦਿੱਤੀ ਗਈ ਹੈ। ਮੀਟਿੰਗ ਵਿਚ ਸਾਰੇ ਵੱਡੇ ਆਗੂ ਪਹੁੰਚੇ ਅਤੇ ਸਾਰਿਆਂ ਨੇ ਗੁਰਪ੍ਰਤਾਪ ਸਿੰਘ ਵਡਾਲਾ ਦੇ ਨਾਮ ’ਤੇ ਮੋਹਰ ਲਗਾ ਦਿੱਤੀ।ਕਨਵੀਨਰ ਚੁਣੇ ਜਾਣ ਤੋਂ ਬਾਅਦ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਅਤੇ ਸਮੁੱਚੀ ਲੀਡਰਸ਼ਿਪ ਵੱਲੋਂ ਸਨਮਾਨਤ ਵੀ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਮੀਟਿੰਗ ਵਿਚ ਅੱਜ ਕਈ ਅਹਿਮ ਫੈਸਲੇ ਗਏ ਹਨ। ਜਿਨ੍ਹਾਂ ਵਿਚ ਪੰਜਾਬ ਦੇ ਹਿੱਤਾਂ ਦੀ ਰਾਖੀ ਦੇ ਲਈ ਅਤੇ ਲੋਕਾਂ ਨੂੰ ਪੰਜਾਬ ਨਾਲ ਹੋ ਰਹੇ ਧੱਕੇ ਪ੍ਰਤੀ ਜਾਗਰੂਕ ਕਰਨ, ਪੰਜਾਬ ਦੇ ਪਾਣੀਆਂ ਤੇ ਖੇਤੀਬਾੜੀ ਦੇ ਮਸਲੇ, ਲੀਡਰਸਿੱਪ ਕਰਾਈਸਜ, ਪੰਥਕ ਮਸਲੇ ਤੇ ਐਸਜੀਪੀਸੀ ਵਿੱਚ ਸੁਧਾਰ ਸਬੰਧੀ, ਚੰਡੀਗੜ ਚ ਪੰਜਾਬੀ ਬੋਲੀ ਤੇ ਹੋਰ ਮਸਲੇ, ਬੀ.ਬੀ.ਐਮ.ਬੀ ਵਿਚ ਪੰਜਾਬ ਦੀ ਸਥਾਈ ਮੈਂਬਰੀ ਵਾਪਸ ਲਿਆਉਣ, ਨਵੇਂ ਤਾਨਾਸ਼ਾਹੀ ਕਾਨੂੰਨਾ ਦੇ ਵਿਰੋਧ, ਸਿੱਖ ਨੌਜਵਾਨਾ ‘ਤੇ ਐਨ.ਐਸ.ਏ ਲਗਾਉਣ ਦਾ ਵਿਰੋਧ ਸਮੇਤ ਨੌਜੁਆਨਾਂ ਦੇ ਬੇਰੁਜਗਾਰੀ ਅਤੇ ਨਸ਼ਿਆਂ ਵਰਗੇ ਅਹਿਮ ਮਸਲਿਆਂ ਬਾਰੇ ਵਿਚਾਰ ਵਿਟਾਦਰਾਂ ਕਰਨ ਦੇ ਲਈ ਪੰਜ ਸੈਮੀਨਾਰ ਕਰਵਾਉਣ ਦਾ ਵੀ ਫੈਸਲਾ ਲਿਆ ਗਿਆ ਹੈ। ਇਹ ਸੈਮੀਨਾਰ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਫਤਿਹਗੜ੍ਹ ਸਾਹਿਬ, ਪਟਿਆਲਾ, ਬਠਿੰਡਾ, ਚੰਡੀਗੜ੍ਹ ਵਿਚ ਹੋਣਗੇ। ਇਸ ਤੋਂ ਇਲਾਵਾ 30 ਜੁਲਾਈ ਨੂੰ ਜਥੇ. ਮੋਹਨ ਸਿੰਘ ਤੁੜ ਦੀ ਬਰਸੀ, 20 ਅਗਸਤ ਨੂੰ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ, 24 ਸਤੰਬਰ ਨੂੰ ਜਥੇ. ਗੁਰਚਰਨ ਸਿੰਘ ਟੌਹੜਾ ਦਾ 100ਵਾਂ ਜਨਮ ਮਨਾਉਣ ਦਾ ਫੈਸਲਾ ਵੀ ਕੀਤਾ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਪੰਥਕ ਹਿੱਤਾਂ ਦੀ ਰਾਖੀ ਦੇ ਲਈ ਸਾਰਿਆਂ ਨੂੰ ਜਿਆਦਾ ਤੋਂ ਜਿਆਦਾ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਵੀ ਅਪੀਲ ਕੀਤੀ ਗਈ। ਮੀਟਿੰਗ ਵਿਚ ਲਏ ਗਏ ਅਹਿਮ ਫੈਸਲਿਆਂ ਵਿਚ ਇਹ ਵੀ ਫੈਸਲਾ ਕੀਤਾ ਗਿਆ ਕਿ ਜਿਹੜੇ ਲੀਡਰ ਸਾਹਿਬਾਨ ਸੁਖਬੀਰ ਸਿੰਘ ਬਾਦਲ ਕਰਕੇ ਪਾਰਟੀ ਛੱਡ ਕੇ ਗਏ ਹਨ ਜਾਂ ਬਿਨਾ ਕਿਸੇ ਦੋਸ਼ ਕਾਰਨ ਪਾਰਟੀ ਵਿਚੋਂ ਕੱਢੇ ਗਏ ਹਨ, ਉਨ੍ਹਾਂ ਨੂੰ ਵਾਪਸ ਆਉਣ ਦੀ ਅਪੀਲ ਕੀਤੀ ਤਾਂ ਕਿ ਵਾਪਸ ਪਾਰਟੀ ਵਿਚ ਆ ਕੇ ਪਾਰਟੀ ਨੂੰ ਮਜਬੂਤ ਕੀਤਾ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਸਮੁੱਚੇ ਪੰਥਕ ਹਿਤੈਸ਼ੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦਾ ਹਿੱਸਾ ਬਣਨ ਤਾਂ ਕਿ ਪਾਰਟੀ ਨੂੰ ਸਹੀ ਮੁਕਾਮ ’ਤੇ ਪਹੁੰਚਾਇਆ ਜਾ ਸਕੇ। ਇਸ ਮੌਕੇ ਸੁਖਦੇਵ ਸਿੰਘ ਢੀਂਡਸਾ, ਬੀਬੀ ਜੰਗੀਰ ਕੌਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਗੁਰਪ੍ਰਤਾਪ ਸਿੰਘ ਬਡਾਲਾ, ਪਰਮਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ ਬਰਾੜ, ਸੁਰਿੰਦਰ ਸਿੰਘ ਭੁਲੇਵਾਲਰਾਠਾ, ਬਲਦੇਵ ਸਿੰਘ ਮਾਨ, ਗਗਨਜੀਤ ਸਿੰਘ ਬਰਨਾਲਾ, ਜਥੇ. ਸੰਤਾ ਸਿੰਘ ਉਮੈਦਪੁੱਰੀ, ਭਾਈ ਮਨਜੀਤ ਸਿੰਘ, ਸੁੱਚਾ ਸਿੰਘ ਛੋਟੇਪੁਰ, ਕਰਨੈਲ ਸਿੰਘ ਪੰਜੋਲੀ, ਜਸਟਿਸ ਨਿਰਮਲ ਸਿੰਘ, ਸਰਵਨ ਸਿੰਘ ਫਲੋਰ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਸਤਵਿੰਦਰ ਕੌਰ ਧਾਲੀਵਾਲ, ਹਰਿੰਦਰਪਾਲ ਸਿੰਘ ਟੌਹੜਾ, ਬੀਬੀ ਕਿਰਨਜੀਤ ਕੌਰ, ਬੀਬੀ ਹਰਜੀਤ ਕੌਰ ਤਲਵੰਡੀ, ਬੀਬੀ ਪਰਮਜੀਤ ਕੌਰ ਲਾਂਡਰਾ, ਬਾਬੂ ਪ੍ਰਕਾਸ਼ ਚੰਦ ਗਰਗ, ਰਣਧੀਰ ਸਿੰਘ ਰੱਖੜਾ, ਸੁਖਵਿੰਦਰ ਸਿੰਘ ਔਲਖ ਸਾਬਕਾ ਵਿਧਾਇਕ, ਰਾਮਪਾਲ ਸਿੰਘ ਬੈਨੀਵਾਲ, ਹਰਦੇਵ ਸਿੰਘ ਰੋਗਲਾ, ਜਥੇ. ਜਰਨੈਲ ਸਿੰਘ ਕਰਤਾਰਪੁਰ, ਕਰਨ ਘੁਮਾਣ, ਜਗਜੀਤ ਸਿੰਘ ਹਲੀ ਅਮਰਿੰਦਰ ਸਿੰਘ ਲਿਬੜਾ, ਭੁਪਿੰਦਰ ਸਿੰਘ ਸ਼ੇਖੂਪੁਰ, ਤਜਿੰਦਰਪਾਲ ਸਿੰਘ ਸੰਧੂ, ਬੀਬੀ ਪਰਮਜੀਤ ਕੌਰ ਗੁਲਸ਼ਨ, ਸੁਰਿੰਦਰ ਕੌਰ ਦਿਆਲ ਲੁਧਿਆਣਾ, ਹਰਬੰਸ ਸਿੰਘ ਮੰਝਪੁਰ, ਰਣਜੀਤ ਸਿੰਘ ਦਬਰੀਖਾਨਾ, ਕੁਲਬੀਰ ਸਿੰਘ ਮੱਤਾ, ਗੁਰਇਕਬਾਲ ਸਿੰਘ ਬਠਿੰਡਾ, ਚਮਕੌਰ ਸਿੰਘ ਬਰਾੜ, ਹਰਪ੍ਰੀਤ ਸਿੰਘ ਬਨੀ ਦਿੱਲੀ ਅਵਤਾਰ ਸਿੰਘ ਜੋਹਲ, ਉਜਲ ਸਿੰਘ ਲੋਂਗੀਆ ਆਦਿ ਵੀ ਹਾਜ਼ਰ ਸਨ

## ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰਿਹਾਈ ਲਈ ਭਾਰਤੀ ਹਵਾਈ ਜਹਾਜ਼ ਅਗਵਾ ਕਰਨ ਵਾਲੇ ਜਲਾਵਤਨੀ ਸਿੱਖ ਯੋਧੇ ਭਾਈ ਗਜਿੰਦਰ ਸਿੰਘ ਹਾਈਜੈਕਰ ਹਮੇਸ਼ਾਂ ਸਾਡੇ ਦਿਲਾਂ ’ਤੇ ਰਾਜ ਕਰਦੇ ਰਹਿਣਗੇ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ






**ਅੰਮ੍ਰਿਤਸਰ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪਿਛਲੇ ਦਿਨੀਂ ਦਲ ਖਾਲਸਾ ਦੇ ਬਾਨੀ, ਸਾਬਕਾ ਪ੍ਰਧਾਨ ਅਤੇ ਜਲਾਵਤਨੀ ਸਿੱਖ ਯੋਧੇ ਭਾਈ ਗਜਿੰਦਰ ਸਿੰਘ ਹਾਈਜੈਕਰ ਜੋ ਪਾਕਿਸਤਾਨ ਦੇ ਲਾਹੌਰ ਵਿੱਚ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੇ ਨਮਿੱਤ ਸ਼ਰਧਾਂਜਲੀ ਸਮਾਗਮ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਵਿਖੇ ਹੋਇਆ।ਇਸ ਸਮਾਗਮ ਵਿੱਚ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਵੀ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਅਤੇ ਭਾਈ ਗਜਿੰਦਰ ਸਿੰਘ ਹਾਈਜੈਕਰ ਦੀ ਪੰਥਕ ਘਾਲਣਾ, ਜੁਝਾਰੂ ਜਜ਼ਬੇ, ਸਿੱਖੀ ਸਿਦਕ ਅਤੇ ਸੰਘਰਸ਼ ਨੂੰ ਪ੍ਰਣਾਮ ਕੀਤਾ। ਉਹਨਾਂ ਕਿਹਾ ਕਿ ਭਾਈ ਗਜਿੰਦਰ ਸਿੰਘ ਨੇ ਆਪਣਾ ਹਰ ਸਾਹ ਕੌਮ ਦੀ ਆਜ਼ਾਦੀ ਦੇ ਲੇਖੇ ਲਾਇਆ, ਉਹਨਾਂ ਦਾ ਸਮੁੱਚਾ ਜੀਵਨ ਸਿੱਖ ਕੌਮ ਲਈ ਪ੍ਰੇਰਨਾ ਸਰੋਤ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਮੇਰੇ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਭਾਈ ਗਜਿੰਦਰ ਸਿੰਘ ਹਾਈਜੈਕਰ ਨੇ ਆਪਣੀਆਂ ਲਿਖਤਾਂ ਵਿੱਚ ਮੈਨੂੰ ਆਪਣਾ ਪੁੱਤਰ ਕਹਿ ਕੇ ਸੰਬੋਧਨ ਕੀਤਾ ਅਤੇ ਮੇਰੀ ਪਹਿਲੀ ਕਿਤਾਬ ਤਵਾਰੀਖ ਸ਼ਹੀਦ ਏ ਖਾਲਿਸਤਾਨ ਲਈ ਉਹਨਾਂ ਸੰਦੇਸ਼ ਵੀ ਲਿਖ ਕੇ ਭੇਜਿਆ ਸੀ ਅਤੇ ਉਹਨਾਂ ਇਹ ਵੀ ਕਿਹਾ ਸੀ ਕਿ ਰਣਜੀਤ ਸਿੰਘ ਮੈਨੂੰ ਆਪਣੀ ਕਿਤਾਬ ਜਰੂਰ ਦੇ ਕੇ ਜਾਵੀ, ਮੈਂ ਕਿਹੜਾ ਤੇਰੇ ਤੋਂ ਬਹੁਤੀ ਦੂਰ ਹਾਂ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦਲ ਖਾਲਸਾ ਦੇ ਸੀਨੀਅਰ ਆਗੂ ਭਾਈ ਕੰਵਰਪਾਲ ਸਿੰਘ, ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ, ਕਾਰਜਕਾਰੀ ਪ੍ਰਧਾਨ ਭਾਈ ਪਰਮਜੀਤ ਸਿੰਘ ਮੰਡ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਅਤੇ ਭਾਈ ਗਜਿੰਦਰ ਸਿੰਘ ਦੇ ਭਰਾ ਸ. ਦਰਸ਼ਨ ਸਿੰਘ ਤੇ ਭਾਬੀ ਨਾਲ ਵੀ ਭਾਈ ਗਜਿੰਦਰ ਸਿੰਘ ਹਾਈਜੈਕਰ ਦੇ ਚੜ੍ਹਾਈ ਕਰ ਜਾਣ ਤੇ ਦੁੱਖ ਸਾਂਝਾ ਕੀਤਾ ਅਤੇ ਉਹਨਾਂ ਦੇ ਮਹਾਨ ਜੀਵਨ ਤੇ ਸੰਘਰਸ਼ੀ ਸੇਵਾਵਾਂ ਪ੍ਰਤੀ ਵਿਚਾਰ ਸਾਂਝੇ ਕੀਤੇ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਭਾਈ ਗਜਿੰਦਰ ਸਿੰਘ ਨੇ ਆਪਣੇ ਪੰਜ ਸਾਥੀਆਂ ਸਮੇਤ 29 ਸਤੰਬਰ 1981 ਨੂੰ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਰਿਹਾਈ ਲਈ ਭਾਰਤੀ ਹਵਾਈ ਜਹਾਜ ਅਗਵਾ ਕੀਤਾ ਤੇ ਖਾਲਿਸਤਾਨ ਦੇ ਸੰਘਰਸ਼ ਨੂੰ ਅੰਤਰਰਾਸ਼ਟਰੀ ਪੱਧਰ ਤੇ ਪਹੁੰਚਾਇਆ। ਉਹਨਾਂ ਕਿਹਾ ਕਿ ਭਾਈ ਗਜਿੰਦਰ ਸਿੰਘ ਦਾ ਇਹ ਵਿਲੱਖਣ ਕਾਰਨਾਮਾ ਸੀ ਤੇ ਇਹ ਜੁਝਾਰੂ ਸੰਘਰਸ਼ ਦਾ ਸਭ ਤੋਂ ਪਹਿਲਾ ਵੱਡਾ ਐਕਸ਼ਨ ਸੀ। ਉਹਨਾਂ ਕਿਹਾ ਕਿ ਭਾਈ ਗਜਿੰਦਰ ਸਿੰਘ ਦੀਆਂ ਕਵਿਤਾਵਾਂ ਅਤੇ ਲੇਖ ਵੀ ਸਿੱਖ ਨੌਜਵਾਨਾਂ ਨੂੰ ਟੁੰਬਦੇ ਹਨ ਅਤੇ ਕੌਮ ਨੂੰ ਹਲੂਣਾ ਤੇ ਸੇਧ ਦਿੰਦੇ ਹਨ। ਉਹਨਾਂ ਕਿਹਾ ਕਿ ਜਹਾਜ ਅਗਵਾ ਕਰਨ ਤੋਂ ਬਾਅਦ ਭਾਈ ਗਜਿੰਦਰ ਸਿੰਘ ਨੇ ਪਾਕਿਸਤਾਨ ਵਿੱਚ 14 ਸਾਲ ਜੇਲ੍ਹ ਕੱਟੀ ਅਤੇ ਇਸ ਤੋਂ ਬਾਅਦ 29 ਸਾਲ ਜਲਾਵਤਨੀ ਭੋਗੀ। ਉਹਨਾਂ ਨੇ ਭਾਰਤ ਸਰਕਾਰ ਅੱਗੇ ਗੋਡੇ ਨਹੀਂ ਟੇਕੇ ਤੇ ਉਹਨਾਂ ਨੇ ਇੱਕ ਬਾਗੀ ਜੁਝਾਰੂ ਵਾਲਾ ਜੀਵਨ ਬਤੀਤ ਕੀਤਾ। ਭਾਈ ਗਜਿੰਦਰ ਸਿੰਘ ਨੇ 1971 ਵਿੱਚ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਰੈਲੀ ਵਿੱਚ ਸਿੱਖ ਹੋਮਲੈਂਡ ਦੇ ਪਰਚੇ ਵੀ ਸੁੱਟੇ ਸਨ। 1975 ਦੀ ਐਮਰਜੈਂਸੀ ਦੌਰਾਨ ਉਹਨਾਂ ਨੂੰ ਆਪਣੀ ਨੌਕਰੀ ਵੀ ਗਵਾਉਣੀ ਪਈ। ਉਹਨਾਂ ਦੀ ਲਿਖਤ ਪੰਜ ਤੀਰ ਹੋਰ ਉੱਤੇ ਵੀ ਸਰਕਾਰ ਨੇ ਪਾਬੰਦੀ ਲਾਈ ਹੋਈ ਸੀ, ਭਾਰਤ ਸਰਕਾਰ ਨੇ ਉਹਨਾਂ ਨੂੰ ਲੋੜੀਂਦੇ ਵਿਅਕਤੀਆਂ ਦੀ ਕਾਲੀ ਸੂਚੀ ਵਿੱਚ ਸ਼ਾਮਲ ਕੀਤਾ ਹੋਇਆ ਸੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਭਾਈ ਗਜਿੰਦਰ ਸਿੰਘ ਹਾਈਜੈਕਰ ਹਮੇਸ਼ਾਂ ਸਾਡੇ ਦਿਲਾਂ ਤੇ ਰਾਜ ਕਰਦੇ ਰਹਿਣਗੇ। ਉਹਨਾਂ ਦੀ ਤਸਵੀਰ ਛੇਤੀ ਹੀ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਵਿੱਚ ਸੁਸ਼ੋਭਿਤ ਕੀਤੀ ਜਾਵੇ।



# ਮਨਪ੍ਰੀਤ ਸਿੰਘ ਨੇ ਥਾਣਾ ਮਹਿਤਾ ਦੇ ਮੁੱਖ ਮੁਨਸ਼ੀ ਦਾ ਅਹੁਦਾ ਸੰਭਾਲਿਆ



ਚੌਂਕ ਮਹਿਤਾ,15ਜੁਲਾਈ(ਬਾਬਾ ਸੁਖਵੰਤ ਸਿੰਘ ਚੰਨਣਕੇ) ਥਾਣਾ ਮਹਿਤਾ ਦੇ ਮੁੱਖ ਮੁਨਸ਼ੀ ਦਾ ਮਨਪ੍ਰੀਤ ਸਿੰਘ ਨੇ ਅਹੁਦਾ ਸੰਭਾਲਿਆ ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਥਾਣਾ ਮਹਿਤਾ ਆਉਂਣ ਵਾਲੇ ਹਰ ਇੱਕ ਵਿਅਕਤੀ ਦਾ ਸਤਿਕਾਰ ਕੀਤਾ ਜਾਵੇਗਾ। ਉਂਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਗ.ਲਤ ਅਨਸਰਾਂ ਦਾ ਬਾਰੇ ਪੁਲਿਸ ਨੂੰ ਦੱਸਿਆ ਜਾਵੇ ਤਾਂ ਜ਼ੋ ਉਨ੍ਹਾਂ ਨੂੰ ਨੱਥ ਪਾਈ ਜਾ ਸਕੇ। ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਂ ਗੁਪਤ ਰੱਖਿਆ ਜਾਵੇਗਾ।

ਉੱਚਾ ਦਰ ਬਾਬੇ ਨਾਨਕ ਦਾ

# ਇਕ ਵਧੀਆ ਪਰਿਵਾਰਕ ਫ਼ਿਲਮ : ਪ੍ਰਧਾਨ ਅਜੇ ਗਾਂਧੀ




**ਚੌਂਕ ਮਹਿਤਾ,15 ਜੁਲਾਈ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਉੱਚਾ ਦਰ ਬਾਬੇ ਨਾਨਕ ਦਾ ਦੇ ਨਾਮ ਹੇਠ ਸੰਨ 1987 ਵਿੱਚ ਇੱਕ ਪੰਜਾਬੀ ਫ਼ਿਲਮ ਬਣੀ ਸੀ ਅਤੇ ਹੁਣ 2024 ਵਿੱਚ ਇਸੇ ਨਾਮ ਹੇਠ ਨਿਰਮਾਤਾ ਸੁਨੀਲ ਸ਼ਰਮਾ (ਦਾਅਵਤ ਐਂਟਰਪ੍ਰਾਈਜ਼) ਅਤੇ ਨਿਰਦੇਸ਼ਕ ਤਨਵੀਰ ਸਿੰਘ ਜਗਪਾਲ ਦੀ ਦੇਖ ਰੇਖ ਹੇਠ ਬਣੀ ਨਵੀਂ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ' ਰਿਲੀਜ਼ ਹੋ ਗਈ ਹੈ। ਫ਼ਿਲਮ ਨੇ ਆਪਣੇ ਪਹਿਲੇ ਹੀ ਦਿਨ ਦਰਸ਼ਕਾਂ ਦੀ ਵਾਹ ਵਾਹ ਖੱਟੀ ਹੈ। ਫ਼ਿਲਮ ਦਾ ਸ਼ੋਅ ਦੇਖ ਕੇ ਨਿਕਲੇ ਦਰਸ਼ਕਾਂ ਨੇ ਤਸੱਲੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਬੀਤੇ ਸਾਲ ਨਾਮਣਾ ਖੱਟਣ ਵਾਲੀ ਪੰਜਾਬੀ ਇਤਿਹਾਸਕ ਫ਼ਿਲਮ ਮਸਤਾਨੇ ਤੋਂ ਬਾਅਦ ਨਵੀਂ ਬਣੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬਲਾਕ ਪ੍ਰਧਾਨ ਅਜੇ ਗਾਂਧੀ ਨੇਂ ਦੱਸਿਆ ਕਿ ਪੰਜਾਬੀ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ' ਇਕ ਸਮਾਜਿਕ, ਸੱਭਿਆਚਾਰਕ ਅਤੇ ਧਾਰਮਿਕ ਸੁਨੇਹਾ ਦੇਣ ਵਾਲੀ ਮੂਵੀ ਹੈ। ਫ਼ਿਲਮ ਦੀ ਕਹਾਣੀ, ਕਾਸਟ ਅਤੇ ਗੀਤ ਸੰਗੀਤ ਐਨ ਢੁੱਕਵਾਂ ਮਹਿਸੂਸ ਹੋਇਆ। ਆਸ ਕੀਤੀ ਜਾ ਰਹੀ ਹੈ ਕਿ ਆਮ ਪੰਜਾਬੀ ਫ਼ਿਲਮਾਂ ਤੋਂ ਕੁੱਝ ਹਟਵੀਂ ਅਤੇ ਬਿਹਤਰ ਸੁਨੇਹਾ ਦੇਣ ਵਾਲੀ ਏਹ ਫ਼ਿਲਮ ਅਗਲੇ ਦਿਨ੍ਹਾਂ ਵਿੱਚ ਵੱਡੀ ਭੀੜ ਜੁਟਾਉਣ ਵਿੱਚ ਕਾਮਯਾਬ ਹੋਵੇਗੀ। ਇਸ ਫਿਲਮ ਵਿੱਚ ਪਾਲੀਵੁੱਡ ਦੇ ਵੱਡੇ ਵੱਡੇ ਕਲਾਕਾਰ ਜਿਵੇਂ ਯੋਗਰਾਜ ਸਿੰਘ, ਦੇਵ ਖਰੋੜ, ਸਰਬਜੀਤ ਚੀਮਾ, ਮਲਕੀਤ ਰੌਣੀ, ਹਰਬੀ ਸੰਘਾ, ਨਗਿੰਦਰ ਗੱਖੜ, ਬਲਜਿੰਦਰ ਅਟਵਾਲ, ਮੋਨਿਕਾ ਗਿੱਲ, ਕਮਲਜੀਤ ਨੀਰੂ, ਗੁਰਨਾਜ਼ , ਸਰਿਤਾ ਤਿਵਾੜੀ, ਈਸ਼ਾ ਤੋਂ ਇਲਾਵਾ ਹੋਰ ਵੀ ਕਈ ਜਾਣੇ ਪਹਿਚਾਣੇ ਚੇਹਰਿਆਂ ਨੇ ਵਧੀਆ ਭੂਮਿਕਾ ਨਿਭਾਈ ਹੈ। ਇਸ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਇਹ ਫ਼ਿਲਮ ਵਿਦੇਸ਼ਾਂ ਦੀ ਟੈਂਨਸ਼ਨ ਭਰੀ ਜਿੰਦਗੀ ਨੂੰ ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਢਾਲ ਕੇ ਤਿੜਕਦੇ ਮਨੁੱਖੀ ਰਿਸ਼ਤਿਆਂ ਨੂੰ ਬਚਾਉਣ ਲਈ ਇਕ ਵਡਮੁੱਲਾ ਸੁਨੇਹਾ ਦੇ ਰਹੀ ਹੈ।ਇਸ ਮੌਕੇ ਬਲਾਕ ਪ੍ਰਧਾਨ ਗੁਰਜਿੰਦਰ ਸਿੰਘ ਕੋਹਾਟਵਿੰਡ, ਬਲਾਕ ਪ੍ਰਧਾਨ ਜਰਮਨ ਉਦੋਨੰਗਲ, ਗੋਪੀ ਡੀਲਰ ਮਹਿਤਾ,ਹਰਭਜਨ ਸਿੰਘ, ਪ੍ਰਧਾਨ ਬਲਜਿੰਦਰ ਸਿੰਘ ਰੰਧਾਵਾ ਡਾ ਦਲਜੀਤ ਸਿੰਘ, ਜਗਦੀਸ਼ ਸਿੰਘ ਬੰਮਰਾਹ, ਦਵਿੰਦਰ ਸਿੰਘ ਰੰਧਾਵਾ, ਜੋਗਿੰਦਰ ਸਿੰਘ ਮਾਣਾ, ਗੁਰਮੀਤ ਸਿੰਘ ਲੱਕੀ ਸਦਾਰੰਗ,ਉਪਕਾਰਦੀਪ ਸਿੰਘ ਬੱਲ, ਰਛਪਾਲ ਸਿੰਘ ਨੂਰੀ, ਪ੍ਰਮਜੀਤ ਸਿੰਘ ਪੰਮਾ ਆਦਿ ਹਾਜ਼ਰ ਸਨ।

ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਭਾਰਤੀ ਫ਼ੌਜ ਵੱਲੋਂ ਸਰਕਾਰੀ ਕਾਲਜ ਗੁਰਦਾਸਪੁਰ ਦੇ ਸਟੇਡੀਅਮ ਵਿੱਚ

# ਅਗਨੀਵੀਰ ਭਰਤੀ ਰੈਲੀ ਅਜ ਤੋਂ 23 ਜੁਲਾਈ ਤੱਕ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 15 ਜੁਲਾਈ ( ਕੁਲਜੀਤ ਸਿੰਘ ਖੋਖਰ )**- ਭਾਰਤੀ ਫ਼ੌਜ ਦੇ ਭਰਤੀ ਬੋਰਡ ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਸਹਿਯੋਗ ਨਾਲ ਸਰਕਾਰੀ ਕਾਲਜ ਗੁਰਦਾਸਪੁਰ ਦੇ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਮਿਤੀ 16 ਜੁਲਾਈ ਤੋਂ 23 ਜੁਲਾਈ 2024 ਤੱਕ ਅਗਨੀਵੀਰ ਭਰਤੀ ਕਰਵਾਈ ਜਾ ਰਹੀ ਹੈ। ਇਸ ਭਰਤੀ ਰੈਲੀ ਵਿੱਚ ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਟੈਕਨੀਕਲ, ਅਗਨੀਵੀਰ ਕਲਰਕ/ਸਟੋਰ ਕੀਪਰ ਅਤੇ ਅਗਨੀਵੀਰ ਟਰੇਡਸਮੈਨ (10ਵੀਂ ਅਤੇ 8ਵੀਂ) ਭਰਤੀ ਕੀਤੇ ਜਾਣਗੇ।

### ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਅਤੇ ਡਾਇਰੈਕਟਰ ਭਰਤੀ ਬੋਰਡ ਦੇ ਕਰਨਲ ਚੇਤਨ ਪਾਂਡੇ ਵੱਲੋਂ ਭਰਤੀ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ

ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਵਿਸ਼ੇਸ਼ ਸਾਰੰਗਲ ਅਤੇ ਭਰਤੀ ਬੋਰਡ ਅੰਮ੍ਰਿਤਸਰ ਦੇ ਡਾਇਰੈਕਟਰ ਕਰਨਲ ਚੇਤਨ ਪਾਂਡੇ ਵੱਲੋਂ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਭਰਤੀ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਸੁਭਾਸ਼ ਚੰਦਰ, ਐੱਸ.ਡੀ.ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ ਸਟੇਡੀਅਮ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਮਿਤੀ 16 ਜੁਲਾਈ ਤੋਂ 23 ਜੁਲਾਈ 2024 ਤੱਕ ਅਗਨੀਵੀਰ ਭਰਤੀ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਭਰਤੀ ਰੈਲੀ ਵਿੱਚ ਭਾਰਤੀ ਫ਼ੌਜ ਦਾ ਪੂਰਾ ਸਹਿਯੋਗ ਕੀਤਾ ਜਾ ਰਿਹਾ ਹੈ ਅਤੇ ਭਰਤੀ ਰੈਲੀ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਭਰਤੀ ਰੈਲੀ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਡਿਊਟੀ ਲਗਾਈ ਗਈ ਹੈ ਅਤੇ ਭਰਤੀ ਵਿੱਚ ਭਾਗ ਲੈਣ ਵਾਲੇ ਨੌਜਵਾਨਾਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

ਇਸ ਮੌਕੇ ਭਰਤੀ ਬੋਰਡ ਦੇ ਡਾਇਰੈਕਟਰ ਕਰਨਲ ਚੇਤਨ ਪਾਂਡੇ ਨੇ ਦੱਸਿਆ ਹੈ ਕਿ ਇਸ ਗੁਰਦਾਸਪੁਰ ਦੀ ਭਰਤੀ ਰੈਲੀ ਵਿੱਚ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਦੇ ਉਮੀਦਵਾਰ ਜੋ ਕਿ ਭਰਤੀ ਪ੍ਰੀਕ੍ਰਿਆ ਦੇ ਪਹਿਲੇ ਪੜਾਅ ਵਿੱਚ ਸਫਲ ਹੋਏ ਹਨ, ਉਨ੍ਹਾਂ ਦਾ ਫਿਜ਼ੀਕਲ ਫਿਟਨੈੱਸ, ਮੈਡੀਕਲ ਫਿਟਨੈੱਸ ਦੇ ਨਾਲ-ਨਾਲ ਡਾਕੂਮੈਂਟੇਸ਼ਨ ਦੀ ਸਕਰੀਨਿੰਗ ਵੀ ਕੀਤੀ ਜਾਵੇਗੀ।

ਕਰਨਲ ਚੇਤਨ ਪਾਂਡੇ ਨੇ ਕਿਹਾ ਕਿ ਸਾਰੇ ਉਮੀਦਵਾਰਾਂ ਜਿਸ ਦਿਨ ਉਨ੍ਹਾਂ ਨੂੰ ਬੁਲਾਇਆ ਜਾਂਦਾ ਹੈ ਉਹ ਰਾਤ 1:00 ਵਜੇ ਭਰਤੀ ਗਰਾਊਂਡ ਵਿੱਚ ਪਹੁੰਚ ਜਾਣ। ਉਨ੍ਹਾਂ ਕਿਹਾ ਕਿ ਉਮੀਦਵਾਰ ਆਪਣੇ ਨਾਲ ਐਡਮਿਟ ਕਾਰਡ ਦੀ ਰੰਗਦਾਰ ਕਾਪੀ ਅਤੇ ਬਿਨਾਂ ਮੋੜੇ ਹੋਏ ਲੈ ਕੇ ਆਉਣ ਜਿਸ ਨੂੰ ਐਂਟਰੀ ਗੇਟ ਉੱਪਰ ਸਕੈਨ ਕੀਤਾ ਜਾਵੇਗਾ। ਉਨ੍ਹਾਂ ਉਮੀਦਵਾਰਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਪਾਣੀ ਅਤੇ ਤਰਲ ਪਦਾਰਥ ਚੰਗੀ ਤਰ੍ਹਾਂ ਪੀਣ ਤਾਂ ਜੋ ਉਨ੍ਹਾਂ ਨੂੰ ਫਿਜ਼ੀਕਲ ਟੈੱਸਟ ਦੌਰਾਨ ਡੀ-ਹਾਈਡਰੇਸ਼ਨ ਨਾ ਹੋਵੇ। ਉਨ੍ਹਾਂ ਕਿਹਾ ਕਿ ਨਸ਼ਾ ਕਰਕੇ ਆਉਣ ਵਾਲੇ ਉਮੀਦਵਾਰਾਂ ਨੂੰ ਡਿਸਕੁਆਲੀਫਾਈ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਰਤੀ ਰੈਲੀ ਦੌਰਾਨ ਉਮੀਦਵਾਰਾਂ ਨੂੰ ਮੋਬਾਈਲ ਫ਼ੋਨ ਲਿਆਉਣ ਦੀ ਆਗਿਆ ਨਹੀਂ ਹੋਵੇਗੀ ਅਤੇ ਐਂਟਰੀ ਗੇਟ ਉੱਪਰ ਹੀ ਉਨ੍ਹਾਂ ਦੀ ਚੈਕਿੰਗ ਕਰ ਲਈ ਜਾਵੇਗੀ।

ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਰਤੀ ਰੈਲੀ ਵਿੱਚ ਸ਼ਾਮਲ ਹੋਣ ਮੌਕੇ ਆਪਣੇ ਸਾਰੇ ਲੋੜੀਂਦੇ ਅਸਲੀ ਸਰਟੀਫਿਕੇਟ ਨਾਲ ਲੈ ਕੇ ਆਉਣ। ਇਸਦੇ ਨਾਲ ਹੀ ਉਮੀਦਵਾਰ ਇੱਕ ਐਫ਼ੀਡੇਵਿਟ ਦੇਣਗੇ ਕਿ ਉਹ ਭਰਤੀ ਰੈਲੀ ਦੌਰਾਨ ਕਿਸੇ ਤਰਾਂ ਦੀ ਗੜਬੜੀ ਨਹੀਂ ਕਰਨਗੇ ਅਤੇ ਨਾ ਹੀ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਗੇ।

ਇਸਦੇ ਨਾਲ ਹੀ ਭਰਤੀ ਬੋਰਡ ਦੇ ਡਾਇਰੈਕਟਰ ਕਰਨਲ ਚੇਤਨ ਪਾਂਡੇ ਨੇ ਭਰਤੀ ਰੈਲੀ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਨੂੰ ਚੌਕਸ ਕੀਤਾ ਹੈ ਕਿ ਉਹ ਦਲਾਲਾਂ ਤੋਂ ਸਾਵਧਾਨ ਰਹਿਣ ਅਤੇ ਆਪਣੀ ਯੋਗਤਾ ਅਤੇ ਮਿਹਨਤ ਉੱਪਰ ਵਿਸ਼ਵਾਸ ਰੱਖਣ। ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਵਿੱਚ ਭਰਤੀ ਨਿਰੋਲ ਮੈਰਿਟ ਦੇ ਅਧਾਰ ਉੱਪਰ ਹੀ ਕੀਤੀ ਜਾਂਦੀ ਹੈ।

# ਮਾਨ ਸਰਕਾਰ ਦੇ ਕੀਤੇ ਗਏ ਵਿਕਾਸ ਦੇ ਕੰਮਾਂ 'ਤੇ ਜਲੰਧਰ ਵਾਸੀਆ ਮੋਹਰ ਲਾਈ ਹੈ : ਬੁੱਟਰ, ਮੀਮਸਾ, ਗਰੇਵਾਲ




**ਧੂਰੀ, ( ਰਣਜੀਤ ਸਿੰਘ ਪੇਧਨੀ )**-ਵਿਧਾਨ ਸਭਾ ਹਲਕਾ ਜਲੰਧਰ (ਪੱਛਮੀ) ਸੀਟ ਤੋਂ ਵੱਖ ਵੱਖ ਪਾਰਟੀਆ ਦੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਨਕਾਰ ਕੇ ਇਲਾਕਾ ਵਾਸੀਆ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੋਹਿੰਦਰ ਭਗਤ ਨੂੰ ਵੱਡੀ ਲੀਡ ਨਾਲ ਜਿੱਤਾ ਕੇ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਕੰਮਾਂ ਤੇ ਮੋਹਰ ਲਾ ਕੇ ਸ਼ਪੱਸ਼ਟ ਕਰ ਦਿੱਤਾ ਹੈ ਕਿ ਜਲੰਧਰ ਵਾਸੀ ਆਮ ਆਦਮੀ ਪਾਰਟੀ ਦੇ ਨਾਲ ਖੜੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਬੁੱਟਰ, ਆਪ ਆਗੂ ਨਾਹਰ ਸਿੰਘ ਮੀਮਸਾ ਅਤੇ ਆਪ ਆਗੂ ਮਾਣਾ ਗਰੇਵਾਲ ਨੇ ਕੀਤਾ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ ਜਲੰਧਰ (ਪੱਛਮੀ) ਸੀਟ ਉੱਪਰ ਬਾਕੀ ਸਾਰੀਆ ਵਿਰੋਧੀ ਪਾਰਟੀਆ ਇਕ ਪਾਸੇ ਸਨ ਤੇ ਆਮ ਆਦਮੀ ਪਾਰਟੀ ਦੇ ਮਿਹਨਤੀ ਵਲੰਟੀਅਰ ਇਕ ਪਾਸੇ ਸਨ । ਪਾਰਟੀ ਵਲੰਟੀਆਰਾਂ ਵੱਲੋਂ ਦਿਨ ਰਾਤ ਮਿਹਨਤ ਕਰਕੇ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋ ਢਾਈ ਸਾਲਾਂ ਦੇ ਕੀਤੇ ਲੋਕ ਪੱਖੀ ਕੰਮਾਂ ਨੂੰ ਲੋਕਾਂ ਵਿਚ ਪ੍ਰਚਾਰਿਆ ਗਿਆ ਸੀ। ਆਖਰ ਵੋਟਰਾਂ ਨੇ ਵਿਕਾਸ ਕਾਰਜਾ ਤੇ ਮੋਹਰ ਲਾਉਦਿਆ ਮਹਿੰਦਰ ਲਾਲ ਭਗਤ ਨੂੰ ਵੱਡੀ ਲੀਡ ਨਾਲ ਜਿਤਾ ਕੇ ਮਾਣਯੋਗ ਮੁੱਖ ਮੰਤਰੀ ਪੰਜਾਬ ਦਾ ਹੱਥ ਮਜ਼ਬੂਤ ਕੀਤੇ ਹਨ।

# ਖੱਤਰੀ ਸਭਾ ਮਹਿਲਾ ਮੰਡਲ ਅਤੇ ਖੱਤਰੀ ਸਭਾ ਅੰਮ੍ਰਿਤਸਰ ਵੱਲੋਂ ਪ੍ਰਭੂ ਵਰਦਾਨ ਕੈਂਪ ਦਾ ਸਫਲ ਆਯੋਜਨ



**ਚੌਂਕ ਮਹਿਤਾ, 15 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪਿਛਲੇ ਕਈ ਸਾਲਾਂ ਤੋਂ ਪ੍ਰਭੂ ਵਰਦਾਨ ਕੈਂਪਾਂ ਰਾਹੀਂ ਹਜ਼ਾਰਾਂ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਇਸ ਵਾਰ ਖੱਤਰੀ ਸਭਾ ਮਹਿਲਾ ਮੰਡਲ ਅਤੇ ਖੱਤਰੀ ਸਭਾ ਅੰਮ੍ਰਿਤਸਰ ਵੱਲੋਂ ਅੱਜ ਇਥੇ ਸਿੱਧੀਵਿਨਾਇਕ ਮੰਦਰ ਰਾਣੀ ਕੇ ਬਾਗ ਵਿਖੇ ਪ੍ਰਭੂ ਵਰਦਾਨ ਕੈਂਪ ਲਗਾਇਆ ਗਿਆ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਨਵੇਂ ਕੱਪੜੇ ਪਾ ਕੇ ਸੈਂਕੜੇ ਲੋਕਾਂ ਦੇ ਚਿਹਰੇ ਰੌਸ਼ਨ ਹੋ ਗਏ। ਖੱਤਰੀ ਸਭਾ ਮਹਿਲਾ ਮੰਡਲ ਦੀ ਪ੍ਰਧਾਨ ਡਾ: ਸਵਰਾਜ ਗਰੋਵਰ ਨੇ ਕਿਹਾ ਕਿ ਖੱਤਰੀ ਸਭਾ ਹਮੇਸ਼ਾ ਹੀ ਸਮਾਜ ਭਲਾਈ ਦੇ ਕੰਮਾਂ ਲਈ ਵਚਨਬੱਧ ਹੈ। ਅਗਲਾ ਕੈਂਪ ਮੀਰਾ ਕੋਟ ਵਿਖੇ ਲਗਾਇਆ ਜਾਵੇਗਾ। ਸਮਸਤ ਖੱਤਰੀ ਮਹਾਂਸਭਾ ਦੇ ਜਨਰਲ ਸਕੱਤਰ ਸ੍ਰੀ ਸੁਨੀਲ ਖੰਨਾ ਨੇ ਕਿਹਾ ਕਿ ਇਹ ਕੈਂਪ ਲਗਦੇ ਰਹਿਣਗੇ ਅਤੇ ਇਸ ਕੈਂਪ ਰਾਹੀਂ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਦੀ ਮਦਦ ਕਰਦੇ ਰਹਿਣਗੇ ਕਿ ਪਰਮੇਸ਼ੁਰ ਨੇ ਸਾਨੂੰ ਕੈਂਪ ਆਯੋਜਿਤ ਕਰਨ ਦਾ ਮੌਕਾ ਦਿੱਤਾ ਹੈ। ਖੱਤਰੀ ਸਭਾ ਦਾ ਮੁੱਖ ਉਦੇਸ਼ ਦੂਜਿਆਂ ਦੀ ਮਦਦ ਕਰਨਾ ਹੈ। ਪ੍ਰਭੂ ਵਰਦਾਨ ਕੈਂਪ ਦੇ ਪ੍ਰਧਾਨ ਸਤੀਸ਼ ਬਧਵਾਰ ਨੇ ਕਿਹਾ ਕਿ ਸਾਡਾ ਉਦੇਸ਼ ਅਜਿਹੇ ਕੈਂਪ ਲਗਾ ਕੇ ਦੂਜਿਆਂ ਨੂੰ ਖੁਸ਼ੀਆਂ ਪ੍ਰਦਾਨ ਕਰਨਾ ਹੈ। ਖੱਤਰੀ ਸਭਾ ਦੇ ਮੀਤ ਪ੍ਰਧਾਨ ਸ਼੍ਰੀ ਦੀਪਕ ਰਾਏ ਨੇ ਵੀ ਅਜਿਹੇ ਸਮਾਗਮ ਵਿੱਚ ਪੂਰਨ ਸਹਿਯੋਗ ਦੀ ਅਪੀਲ ਕੀਤੀ। ਇਸ ਸਮਾਗਮ ਨੂੰ ਖੱਤਰੀ ਸਭਾ ਮਹਿਲਾ ਮੰਡਲ ਦੀ ਮੀਤ ਪ੍ਰਧਾਨ ਸ੍ਰੀਮਤੀ ਅੰਜੂ ਖੰਨਾ, ਸ੍ਰੀਮਤੀ ਇੰਦਰਾ ਧਵਨ, ਡਾ: ਪ੍ਰੋ. ਰੋਹਿਣੀ ਖੰਨਾ, ਜਨਰਲ ਸਕੱਤਰ ਸ਼੍ਰੀਮਤੀ ਡੌਲੀ ਭਾਟੀਆ, ਹੋਰ ਅਧਿਕਾਰੀ ਸ਼੍ਰੀਮਤੀ ਮਨਜੀਤ ਥਿੰਡ, ਸ਼੍ਰੀਮਤੀ ਸੋਨੀਆ ਚੌਹਾਨ, ਸ਼੍ਰੀਮਤੀ ਰਮੇਸ਼ ਕਪੂਰ, ਸ਼੍ਰੀਮਤੀ ਸਨੇਹ ਅਰੋੜਾ ਅਤੇ ਸ਼੍ਰੀਮਤੀ ਜੋਤੀ ਕੁਮਾਰੀ ਅਤੇ ਰਾਕੇਸ਼ ਸੇਠ, ਵਿਨੋਦ ਸੇਠ, ਡਾ: ਅਮਨ ਅਰੋੜਾ, ਰਾਕੇਸ਼ ਅਰੋੜਾ। , ਸ਼ਿਆਮ ਸੁੰਦਰ ਕਪੂਰ, ਪੰਕਜ ਖੰਨਾ, ਵਿਨੋਦ ਕੋਹਲੀ ਨੇ ਆਪਣੀਆਂ ਸੇਵਾਵਾਂ ਦੇ ਕੇ ਪ੍ਰੋਗਰਾਮ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ।

# "ਅੱਖੀਆਂ" ਗੀਤ ਰਾਹੀਂ ਜਲਦ ਹਾਜ਼ਰ ਹੋ ਰਿਹਾ ਗਾਇਕ ਪਰਮ ਚੀਮਾਂ

## ਵਿਸ਼ਵ ਪ੍ਰਸਿੱਧ ਨਿਰਮਾਤਾ ਪਿੰਕੀ ਧਾਲੀਵਾਲ ਵੱਲੋਂ 'ਅਮਰ ਆਡੀਓ' ਦੇ ਬੈਨਰ ਹੇਠ ਹੋਵੇਗਾ ਗੀਤ ਰਲੀਜ਼ : ਪਰਮ ਚੀਮਾ

ਲੁਧਿਆਣਾ -(ਵਰਿਆਮ ਹਠੂਰ) ਪੰਜਾਬ ਯੂਨੀਵਰਸਿਟੀ ਦੇ ਯੁਵਕ ਮੇਲਿਆਂ ਦੇ ਮੰਚਾਂ ਤੋਂ ਪਾਵਰਕਾਮ ਦੀਆਂ ਸਟੇਜ਼ਾਂ ਰਾਹੀਂ ਪ੍ਰਵਾਨ ਚੜ੍ਹੇ ਗਾਇਕ ਪਰਮ ਚੀਮਾਂ ਨੇ ਹੁਣ ਪ੍ਰਫ਼ੈਸ਼ਨਲ ਗਾਇਕ ਵਜੋਂ ਦਸਤਕ ਦਿੱਤੀ ਹੈ। ਸੰਗੀਤ ਵਿੱਦਿਆ ਵਿੱਚ ਨਾਮਨਾ ਖੱਟ ਰਹੇ ਗਾਇਕ ਲਾਲੀ ਖਾਨ ਦਾ ਚੇਲਾ ਗਾਇਕ ਪਰਮ ਚੀਮਾਂ ਜ਼ਲਦ ਹੀ ਸਿੰਗਲ ਟਰੈਕ 'ਅੱਖੀਆਂ' ਰਾਹੀਂ ਸੰਗੀਤਕ ਉਡਾਣ ਭਰਨ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਗਾਇਕ ਪਰਮ ਚੀਮਾ ਨੇ ਕਿਹਾ ਕਿ ਇਸ ਗੀਤ ਨੂੰ ਖੂਬਸੂਰਤ ਸ਼ਬਦਾਂ ਵਿੱਚ ਪਰੋਇਆ ਹੈ, ਉਸਦੇ ਪੁਰਾਣੇ ਬੇਲੀ ਲੈਕਚਰਾਰ ਜਗਤਾਰ ਸਿੰਘ ਚੀਮਾਂ ਨੇ ਅਤੇ ਸੰਗੀਤਕ ਧੁੰਨਾਂ ਨਾਲ ਸ਼ਿੰਗਾਰਿਆ ਹੈ ਪ੍ਰਸਿੱਧ ਸੰਗੀਤਾਰ ਸਾਬੀ ਨੇ। ਪਰਮ ਚੀਮਾਂ ਨੇ ਦੱਸਿਆ ਕਿ ਇਸ ਗੀਤ ਦੀ ਕੰਪੋਜ਼ ਉਨ੍ਹਾਂ ਖੁਦ ਤਿਆਰ ਕੀਤੀ ਹੈ ਅਤੇ ਉਘੇ ਫਿਲਮ ਡਾਇਰੈਕਟਰ ਜਸਪ੍ਰੀਤ ਮਾਨ ਨੇ ਵੱਖ-ਵੱਖ ਲੋਕੇਸ਼ਨਾਂ ਉਪਰ 'ਅੱਖੀਆਂ' ਗੀਤ ਦਾ ਵੀਡੀਓ ਫਿਲਮਾਂਕਣ ਕੀਤਾ ਹੈ। ਉਨ੍ਹਾਂ ਅੱਗੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਰੋਮਾਂਟਿਕ ਗੀਤ ਦੇ ਵੀਡੀਓ ਵਿੱਚ ਉਨ੍ਹਾਂ ਨਾਲ ਸੀਰਤਪ੍ਰੀਤ ਕੌਰ ਵੱਲੋਂ ਬਹੁਤ ਹੀ ਖੂਬਸੂਰਤ ਅਦਾਵਾਂ ਵਿੱਚ ਅਦਾਕਾਰੀ ਕੀਤੀ ਗਈ ਹੈ ਅਤੇ ਕੈਮਰਾਮੈਨ ਜੀਵਨ ਹੀਰ ਵੱਲੋਂ ਪੂਰੀ ਮਿਹਨਤ ਨਾਲ ਫਿਲਮਾਂਕਣ ਕੀਤਾ ਗਿਆ ਹੈ। ਗੀਤ ਦੀ ਵੀਡੀਓ ਸ਼ੂਟਿੰਗ ਮੌਕੇ ਕਮਲ ਵੱਲੋਂ ਮੇਕਅੱਪ, ਇੰਦਰ ਵੱਲੋਂ ਲਾਈਟ ਅਤੇ ਲੈਂਬਰਦੀਪ ਬੁਰਜ ਵੱਲੋਂ ਪ੍ਰੋਡਕਸ਼ਨ ਮੈਨੇਜਿੰਗ ਦਾ ਕੰਮ ਬਾਖੂਬੀ ਨਿਭਾਇਆ ਗਿਆ ਹੈ। ਅਨਮੋਲਦੀਪ ਸਿੰਘ ਚੀਮਾਂ (ਕੈਨੇਡਾ) ਦੀ ਪੇਸ਼ਕਸ਼ 'ਅੱਖੀਆਂ' ਗੀਤ ਨੂੰ ਵਿਸ਼ਵ ਪ੍ਰਸਿੱਧ ਸੰਗੀਤ ਨਿਰਮਾਤਾ ਪਿੰਕੀ ਧਾਲੀਵਾਲ ਵੱਲੋਂ 'ਅਮਰ ਆਡੀਓ' ਦੇ ਬੈਨਰ ਹੇਠ ਰਲੀਜ਼ ਕੀਤਾ ਜਾਵੇਗਾ। ਪਰਮ ਚੀਮਾਂ ਨੇ ਦੱਸਿਆ ਕਿ 'ਅੱਖੀਆਂ' ਗੀਤ ਇੱਕ ਸਾਫ਼-ਸੁਥਰੀ ਸੱਭਿਆਚਾਰਕ ਸਾਕਾਰਾਤਮਕ ਪੇਸ਼ਕਾਰੀ ਹੈ, ਜਿਸ ਨੂੰ ਸੁਣਕੇ ਅਤੇ ਵੇਖਕੇ ਸੁਖਦ ਸਕੂਨ ਮਹਿਸੂਸ ਮਿਲੇਗਾ।





### ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਸ਼ਰਧਾਂਜਲੀ ਸਮਾਗਮ ਦੌਰਾਨ

# ਪੰਥਕ ਇਕੱਠ ਨੇ ਸਰਦਾਰ ਗਜਿੰਦਰ ਸਿੰਘ ਨੂੰ "ਸਿੱਖ ਸੰਵੇਦਨਾ ਦੇ ਕੌਮੀ ਸ਼ਾਇਰ" ਵਜੋਂ ਸਨਮਾਨਿਆ












**ਡਰਬੀ, 15 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਕੌਮੀ ਸਿੱਖ ਸੰਘਰਸ਼ ਨੂੰ ਪ੍ਰਣਾਏ, ਜਲਾਵਤਨੀ ਕੌਮੀ ਯੋਧੇ, ਦਲ ਖਾਲਸਾ ਦੇ ਬਾਨੀ, ਸਰਦਾਰ ਗਜਿੰਦਰ ਸਿੰਘ ਦੀ ਨਿੱਘੀ ਯਾਦ ਵਿੱਚ ਬੀਤੇ ਦਿਨੀਂ ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਭਾਵਪੂਰਤ ਸਮਾਗਮ ਕੀਤਾ ਗਿਆ। ਉਨ੍ਹਾਂ ਪ੍ਰਥਾਇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ ਖੁਲ੍ਹਾ ਦੀਵਾਨ ਸਜਾਇਆ ਗਿਆ। ਹਜ਼ੂਰੀ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਅਸੀਸ ਦੇਣ ਉਪਰੰਤ ਵੱਖ ਵੱਖ ਜਥੇਬੰਦੀਆਂ ਨਾਲ ਸਬੰਧਤ ਪੰਥਕ ਬੁਲਾਰਿਆਂ ਨੇ ਸਰਦਾਰ ਗਜਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਰਧਾਂਜਲੀ ਸਮਾਗਮ ਦੀ ਸ਼ੁਰੂਆਤ ਕਰਦਿਆਂ ਪੰਥਕ ਆਗੂ ਸਰਦਾਰ ਰਜਿੰਦਰ ਸਿੰਘ ਪੁਰੇਵਾਲ ਨੇ ਆਖਿਆ ਕਿ ਸਰਦਾਰ ਗਜਿੰਦਰ ਸਿੰਘ, ਬੇਸਕ ਦਲ ਖਾਲਸਾ ਜਥੇਬੰਦੀ ਦਾ ਮੋਢੀ ਸੀ, ਪਰ ਉਸ ਨੇ ਹਮੇਸ਼ਾ ਸਭ ਪੰਥਕ ਜਥੇਬੰਦੀਆਂ ਦਾ ਸਤਿਕਾਰ ਕੀਤਾ ਅਤੇ ਪੰਥ ਨੂੰ ਇੱਕਮੁੱਠ ਕਰਨ ਦੇ ਉਪਰਾਲੇ ਸਾਰੀ ਉਮਰ ਕਰਦਾ ਰਿਹਾ। ਉਸ ਨੇ ਸੰਨ 1981 ਤੋਂ ਲੈ ਕੇ ਅੰਤਮ ਸਵਾਸ ਤੱਕ 43 ਸਾਲ ਦੀ ਜਲਾਵਤਨੀ ਭੋਗੀ ਅਤੇ ਕੌਮੀ ਅਜ਼ਾਦੀ ਵਾਲੀ ਵਿਚਾਰਧਾਰਾ 'ਤੇ ਪੂਰੀ ਦ੍ਰਿੜਤਾ ਨਾਲ ਪਹਿਰਾ ਦਿੱਤਾ। ਜਿਵੇਂ ਸਿਦਕ, ਸਬਰ ਅਤੇ ਦ੍ਰਿੜਤਾ ਵਾਲਾ ਨਿਰਤਉ ਜੀਵਨ ਉਸ ਨੇ ਜੀਵਿਆ, ਉਹ ਆਉਣ ਵਾਲੀਆਂ ਕਈ ਪੀੜੀਆਂ ਤੱਕ ਕੌਮ ਨੂੰ ਸੇਧ ਦਿੰਦਾ ਰਹੇਗਾ।



ਇਸ ਸਮਾਗਮ ਨੂੰ ਸੰਬੋਧਨ ਹੁੰਦਿਆਂ ਗਜਿੰਦਰ ਸਿੰਘ ਦੇ ਪੁਰਾਣੇ ਸਾਥੀ ਰਣਜੀਤ ਸਿੰਘ ਰਾਣਾ ਨੇ ਆਖਿਆ ਸਰਦਾਰ ਗਜਿੰਦਰ ਸਿੰਘ ਨੇ ਸਿੱਖ ਸੰਘਰਸ਼ ਦੇ ਨਾਲ ਅਕਾਲ ਤਖਤ ਸਾਹਿਬ ਦੀ ਮਰਿਆਦਾ ਪ੍ਰਤੀ ਵੀ ਆਪਣੀ ਵਚਨਬੱਧਤਾ ਸਾਰੀ ਉਮਰ ਬਣਾਈ ਰੱਖੀ। ਉਸ ਦੀ ਯਾਦ ਵਿੱਚ ਅਕਾਲ ਤਖਤ ਸਾਹਿਬ ਵਿਖੇ ਹੋਏ ਇਕੱਠ ਦੌਰਾਨ ਸਾਰੀਆਂ ਸਿੱਖ ਸੰਸਥਾਵਾਂ, ਪੰਥਕ ਜਥੇਬੰਦੀਆਂ ਅਤੇ ਸੰਪਰਦਾਵਾਂ ਦੀ ਸ਼ਮੂਲੀਅਤ ਨੇ ਇਸ ਗੱਲ ਦਾ ਸਬੂਤ ਦਿੱਤਾ ਹੈ ਕਿ ਜੇ ਕੋਈ ਜਥੇਬਦਕ ਪੱਧਰ ਤੋਂ ਉੱਚਾ ਉੱਠ ਕੇ ਵਿਚਰਦਾ ਹੈ ਤਾਂ ਪੂਰਾ ਪੰਥ ਉਸ ਨੂੰ ਭਰਵਾਂ ਸਤਿਕਾਰ ਦਿੰਦਾ ਹੈ । ਯਾਦ ਰਹੇ, ਸਰਦਾਰ ਗਜਿੰਦਰ ਸਿੰਘ ਨੂੰ ਉਸ ਦੀ ਸਰੀਰਕ ਆਯੂ ਦੌਰਾਨ ਹੀ ਅਕਾਲ ਤਖਤ ਸਾਹਿਬ ਵੱਲੋਂ ਜਲਾਵਤਨੀ ਕੌਮੀ ਯੋਧੇ' ਦੇ ਖਿਤਾਬ ਨਾਲ ਸਨਮਾਨਿਆ ਗਿਆ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਸਮੇਂ ਬੋਲਦਿਆ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਵੈਂਟਰੀ ਦੇ ਸਾਬਕਾ ਪ੍ਰਧਾਨ ਪਵਿੱਤਰ ਸਿੰਘ ਖੈਰਾ ਨੇ ਆਖਿਆ ਕਿ ਸਰਦਾਰ ਗਜਿੰਦਰ ਸਿੰਘ ਦੀ ਪੰਥਕ ਸੋਚ ਨੇ ਦੇਸ਼-ਵਿਦੇਸ਼ ਦੇ ਹਜ਼ਾਰਾਂ ਨੌਜਵਾਨਾਂ ਨੂੰ ਪ੍ਰਭਾਵਤ ਕੀਤਾ, ਜਿਸ ਕਾਰਣ ਅੱਜ ਦੇ ਬਿਖੜੇ ਸਮੇਂ ਵਿੱਚ ਵੀ ਪੰਜਾਬ ਵਿੱਚ ਦਲ ਖਾਲਸਾ ਜਥੇਬੰਦੀ ਪੂਰੀ ਸਰਗਰਮੀ ਨਾਲ ਪੰਥਕ ਮੰਤਵਾਂ ਦੀ ਪੂਰਤੀ ਲਈ ਕਾਰਜਸ਼ੀਲ ਹੈ। ਇੰਟਰਨੈਸ਼ਨਲ ਪੰਥਕ ਦਲ ਦੇ ਬੁਲਾਰੇ ਕਪਤਾਨ ਸਿੰਘ ਨੇ ਇਸ ਭਰਵੇਂ ਇਕੱਠ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਗਜਿੰਦਰ ਸਿੰਘ ਦੇ ਸੰਘਰਸ਼ਸ਼ੀਲ ਜੀਵਨ ਤੋਂ ਸੇਧ ਲੈ ਕੇ ਅਸੀਂ ਪੰਥਕ ਏਕੇ ਵਿੱਚ ਜੁੜ ਸਕਦੇ ਹਾਂ ਅਤੇ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਵੀ ਕਰ ਸਕਦੇ ਹਾਂ। ਗਿਆਨੀ ਹਰਜੀਤ ਸਿੰਘ ਅਤੇ ਗੁਰਬਚਨ ਸਿੰਘ ਅਣਖੀ ਨੇ ਕਾਵਿ ਬੋਲਾ ਰਾਹੀਂ ਗਜਿੰਦਰ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਉਨ੍ਹਾਂ ਨਾਲ ਆਪਣੀ ਸਾਂਝ ਦਾ ਜਿਕਰ ਕੀਤਾ। ਪੰਥਕ ਆਗੂ ਰਘਬੀਰ ਸਿੰਘ ਅਵਾਜ਼ ਕੌਮ ਨੇ ਭਾਵਭਿੰਨੀ ਸ਼ਰਧਾਂਜਲੀ ਅਰਪਿਤ ਕਰਦਿਆਂ ਆਖਿਆ ਕਿ ਸਾਰੀ ਦੁਨੀਆ ਜਾਣਦੀ ਹੈ ਕਿ ਹਾਈਜੈਕਿੰਗ ਤੋਂ ਬਾਅਦ ਸਰਦਾਰ ਗਜਿੰਦਰ ਸਿੰਘ ਅੰਤਮ ਸਵਾਸਾਂ ਤੱਕ ਪਾਕਿਸਤਾਨ ਵਿੱਚ ਹੀ ਰਹੇ ਸਨ, ਅਤੇ ਕੌਮੀ ਮਹੱਤਵ ਵਾਲੇ ਕਈ ਮਹੱਤਵਪੂਰਨ ਨਿਰਣਿਆਂ ਦਾ ਸਬੱਬ ਵੀ ਬਣੇ ਸਨ, ਪਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਕੋਈ ਸਮਾਗਮ ਨਾ ਉਲੀਕਣਾ, ਪੰਥ ਦਰਦੀਆਂ ਨੂੰ ਉਦਾਸ ਕਰਦਾ ਹੈ। ਅਜੇ ਵੀ ਵੇਲਾ ਹੈ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨਿਰਭਉ ਹੋ ਕੇ ਅਜਿਹੇ ਕੌਮੀ ਸਮਾਗਮ ਕਰਨ ਲਈ ਯਤਨਸ਼ੀਲ ਹੋਵੇ ।

ਸਰਦਾਰ ਗਜਿੰਦਰ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਹਰਦਿਆਲ ਸਿੰਘ ਧਮੜੈਤ ਨੇ ਆਖਿਆ ਕਿ ਉਹ ਗਜਿੰਦਰ ਸਿੰਘ ਦੀਆਂ ਅਮੁੱਲੀਆਂ ਲਿਖਤਾਂ ਨੂੰ ਬੜੇ ਪਿਆਰ ਨਾਲ ਪੜ੍ਹਦੇ ਰਹੇ ਸਨ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਸੇਧ ਪ੍ਰਾਪਤ ਕਰਦੇ ਰਹੇ ਹਨ। ਉਨ੍ਹਾਂ ਆਖਿਆ ਕਿ ਨਿਰਸੰਦੇਹ ਸਰਦਾਰ ਗਜਿੰਦਰ ਸਿੰਘ ਵਿਲੱਖਣ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਸਨ। ਉਹ ਇੱਕੋ ਸਮੇਂ ਯੋਧੇ ਵੀ ਸਨ, ਕਵੀ ਵੀ ਅਤੇ ਕੌਮੀ ਆਗੂ ਵੀ ਗੁਰੂ ਨਾਨਕ ਪ੍ਰਕਾਸ਼ ਗੁਰਦੁਆਰਾ ਕਵੈਂਟਰੀ ਦੇ ਮੀਤ ਪ੍ਰਧਾਨ ਜਗਰੂਪ ਸਿੰਘ ਨੇ ਸ਼ਰਧਾ ਭਰੇ ਸ਼ਬਦਾਂ ਵਿੱਚ ਦੱਸਿਆ ਕਿ ਸਰਦਾਰ ਗਜਿੰਦਰ ਸਿੰਘ ਦੀਆਂ ਲਿਖਤਾਂ ਆਉਣ ਵਾਲੀਆਂ ਪੀੜੀਆਂ ਲਈ ਪ੍ਰੇਰਨਾ ਦਾ ਸਰੋਤ ਬਣੀਆਂ ਰਹਿਣਗੀਆਂ। ਅੱਧੀ ਦਰਜਨ ਕਿਤਾਬਾਂ ਦੇ ਲਿਖਾਰੀ ਅਤੇ ਕਵੀ ਹਰਜਿੰਦਰ ਸਿੰਘ ਮੰਡੇਰ ਨੇ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ ਕਿ ਗਜਿੰਦਰ ਸਿੰਘ ਦੀਆਂ ਕਵਿਤਾਵਾਂ ਪੜ੍ਹ ਕੇ ਹੀ ਉਨ੍ਹਾਂ ਦੇ ਮਨ ਵਿੱਚ ਕਵਿਤਾ ਲਿਖਣ ਦਾ ਉਤਸਾਹ ਪੈਦਾ ਹੋਇਆ ਸੀ । ਪੰਥਕ ਸ਼ਖਸੀਅਤ ਹਰਭਜਨ ਸਿੰਘ ਦਈਆ ਨੇ ਇਸ ਸ਼ਰਧਾਂਜਲੀ ਸਮਾਗਮ ਲਈ ਗੁਰਦੁਆਰਾ ਸਿੰਘ ਸਭਾ ਡਰਬੀ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਡਰਬੀ ਦਾ ਗੁਰਦੁਆਰਾ, ਇੰਟਰਨੈਸ਼ਨਲ ਪੱਧਰ ਦੀ ਸਰਬ-ਸਾਂਝੀ ਪੰਥਕ ਸਟੇਜ ਬਣ ਚੁੱਕਾ ਹੈ। ਪੰਥਕ ਵਿਦਵਾਨ ਡਾਕਟਰ ਦਲਜੀਤ ਸਿੰਘ ਵਿਰਕ ਨੇ ਸਰਦਾਰ ਗਜਿੰਦਰ ਸਿੰਘ ਦੀ ਪੰਥਕ ਵਿਚਾਰਧਾਰਾਂ ਨਾਲ ਆਪਣੀ ਸਾਂਝ ਦਾ ਹਵਾਲਾ ਦਿੰਦਿਆ ਆਖਿਆ ਕਿ ਤਿਲ ਤਿਲ ਕਰਕੇ ਸ਼ਹੀਦ ਹੋਣ ਵਾਲੀ ਅਵਸਥਾ ਦਾ ਨਾਂ ਹੀ "ਜਲਾਵਤਨੀ" ਹੈ। ਸਰਦਾਰ ਗਜਿੰਦਰ ਸਿੰਘ ਨੇ "ਜਿੰਦਾ ਸ਼ਹੀਦ" ਵਾਂਗ ਦ੍ਰਿੜਤਾ ਭਰਿਆ ਜਲਾਵਤਨੀ ਜੀਵਨ ਜੀਵਿਆ ਅਤੇ ਹੋਰਨਾਂ ਲਈ ਚਾਨਣ-ਮੁਨਾਰਾ ਬਣਿਆ ਰਿਹਾ।

ਇਸ ਭਾਵਪੂਰਤ ਪੰਥਕ ਇਕੱਠ ਵਿੱਚ ਸਰਦਾਰ ਗਜਿੰਦਰ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਸਰਬ-ਸੰਮਤੀ ਨਾਲ, ਜੈਕਾਰਿਆਂ ਦੀ ਗੂੰਜ ਵਿੱਚ ਨਿਮਨ-ਲਿਖਤ ਪੰਜ ਮਤੇ ਪਾਸ ਕੀਤੇ ਗਏ .

1) ਅੱਜ ਦਾ ਪੰਥਕ ਇਕੱਠ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਇਸ ਗੱਲ ਲਈ ਧੰਨਵਾਦ ਕਰਦਾ ਹੈ ਕਿ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅਮ੍ਰਿਤਸਰ ਵਿਖੇ ਸਰਦਾਰ ਗਜਿੰਦਰ ਸਿੰਘ ਦਲ ਖਾਲਸਾ ਦੀ ਯਾਦ ਵਿੱਚ ਭਾਵਪੂਰਤ ਸ਼ਰਧਾਂਜਲੀ ਸਮਾਗਮ ਕਰਕੇ ਆਪਣਾ ਕੌਮੀ ਫਰਜ਼ ਬਖੂਬੀ ਨਿਭਾਇਆ ਹੈ। ਅਸੀਂ ਅਪੀਲ ਕਰਦੇ ਹਾਂ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕੌਮੀ ਕਾਰਜਾਂ ਪ੍ਰਤੀ ਆਪਣਾ ਫਰਜ਼ ਨਿਭਾਉਂਦੀ ਹੋਈ, ਪੰਥਕ ਇੱਕਮੁੱਠਤਾ ਵਾਲਾ ਮਾਹੌਲ ਸਿਰਜਣ ਲਈ ਮੋਹਰੀ ਦੀ ਭੂਮਿਕਾ ਨਿਭਾਵੇ ।


2) ਸਰਦਾਰ ਗਜਿੰਦਰ ਸਿੰਘ ਦਲ ਖਾਲਸਾ ਨੂੰ "ਜਲਾਵਤਨ ਕੌਮੀ ਯੋਧੇ" ਦਾ ਖਿਤਾਬ ਦੇਣ ਲਈ ਸ੍ਰੀ ਅਕਾਲ ਤਖਤ ਸਾਹਿਬ ਦਾ




(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਸ਼ਰਧਾਂਜਲੀ ਸਮਾਗਮ ਦੌਰਾਨ

# ਪੰਥਕ ਇਕੱਠ ਨੇ ਸਰਦਾਰ ਗਜਿੰਦਰ ਸਿੰਘ ਨੂੰ "ਸਿੱਖ ਸੰਵੇਦਨਾ ਦੇ ਕੌਮੀ ਸ਼ਾਇਰ" ਵਜੋਂ ਸਨਮਾਨਿਆ





























ਉਚੇਚਾ ਧੰਨਵਾਦ ਕਰਦਿਆਂ, ਅੱਜ ਦਾ ਪੰਥਕ ਇਕੱਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕਰਦਾ ਹੈ ਕਿ ਕੌਮੀ ਅਜਾਇਬ ਘਰ ਅੰਮ੍ਰਿਤਸਰ ਵਿਖੇ ਸਰਦਾਰ ਗਜਿੰਦਰ ਸਿੰਘ ਦੀ ਤਸਵੀਰ ਦੇ ਨਾਲ ਪਰਮਜੀਤ ਸਿੰਘ ਪੰਜਵੜ, ਹਰਦੀਪ ਸਿੰਘ ਨਿੱਜਰ ਅਤੇ ਹੋਰ ਕੌਮੀ ਯੋਧਿਆਂ ਦੀਆਂ ਤਸਵੀਰਾਂ ਵੀ ਸਤਿਕਾਰ ਸਹਿਤ ਲਾਉਣ ਦਾ ਉਪਰਾਲਾ ਤੁਰੰਤ ਕੀਤਾ ਜਾਵੇ।

3) ਅੱਜ ਦਾ ਪੰਥਕ ਇਕੱਠ ਸਰਦਾਰ ਗਜਿੰਦਰ ਸਿੰਘ ਨੂੰ "ਸਿੱਖ ਸੰਵੇਦਨਾ ਦੇ ਕੌਮੀ ਸ਼ਾਇਰ' ਦਾ ਲਕਬ ਪ੍ਰਦਾਨ ਕਰਦਾ ਹੋਇਆ, ਵਿਦੇਸ਼ਾਂ ਵਿੱਚ ਇੱਕੋ ਇੱਕ "ਸਿੱਖ ਨੈਸ਼ਨਲ ਮਿਊਜ਼ੀਅਮ ਡਰਬੀ' ਵਿਖੇ ਸਰਦਾਰ ਗਜਿੰਦਰ ਸਿੰਘ ਦੀ ਤਸਵੀਰ ਲਾਉਣ ਦਾ ਮਤਾ ਪਾਸ ਕਰਦਾ ਹੈ ਅਤੇ ਉਨ੍ਹਾਂ ਦੀਆਂ ਲਿਖਤਾਂ "ਨੈਸ਼ਨਲ ਸਿੱਖ ਲਾਇਬਰੇਰੀ ਡਰਬੀ" ਵਿਖੇ ਸੰਭਾਲਣ ਲਈ ਵਚਨਬੱਧ ਹੁੰਦਾ ਹੈ।

4) ਅੱਜ ਦਾ ਪੰਥਕ ਇਕੱਠ "ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ" ਨੂੰ ਬੇਨਤੀ ਕਰਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਾਂਗ ਸ੍ਰੀ ਨਨਕਾਣਾ ਸਾਹਿਬ ਵਿਖੇ "ਨੈਸ਼ਨਲ ਸਿੱਖ ਅਜਾਇਬ ਘਰ' ਦੀ ਸਥਾਪਨਾ ਕਰਨ, ਜਿਸ ਵਿੱਚ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਯਾਦਗਾਰੀ ਵਸਤਾਂ ਰੱਖਣ ਦੇ ਨਾਲ ਅਜੋਕੇ ਸਿੱਖ ਸ਼ਹੀਦਾਂ, ਯੋਧਿਆ ਅਤੇ ਕੌਮੀ ਸ਼ਖਸ਼ੀਅਤਾਂ ਦੀਆਂ ਤਸਵੀਰਾਂ ਵੀ ਸਤਿਕਾਰ ਸਹਿਤ ਸੁਸ਼ੋਭਿਤ ਕਰਨ ਦਾ ਉਪਰਾਲਾ ਕੀਤਾ ਜਾਵੇ।

5) ਅੱਜ ਦਾ ਪੰਥਕ ਇਕੱਠ ਸਮੂਹ ਸੰਘਰਸ਼ਸ਼ੀਲ ਪੰਥਕ ਜਥੇਬੰਦੀਆਂ ਨੂੰ ਬੇਨਤੀ ਕਰਦਾ ਹੈ ਕਿ ਉਹ ਦੇਸ਼-ਵਿਦੇਸ਼ ਵਿਚਲੇ ਕੌਮੀ ਮਸਲਿਆਂ ਦੇ ਹੱਲ ਲਈ ਇੱਕਮੁੱਠ ਹੋ ਕੇ ਤੁਰਨ ਅਤੇ ਗੁਰੂ-ਆਸ਼ੇ ਅਨੁਸਾਰ ਖਾਲਸਾ ਜੀ ਦੇ ਬੋਲਬਾਲਿਆਂ ਲਈ ਯਤਨਸ਼ੀਲ ਹੋਣ। ਇਸ ਦੇ ਨਾਲ ਹੀ ਦੇਸ਼-ਵਿਦੇਸ਼ ਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਕੌਮੀ ਮੰਤਵ ਦੀ ਪ੍ਰਾਪਤੀ ਲਈ ਪੰਥਕ ਜਥੇਬੰਦੀਆਂ ਦਾ ਭਰਪੂਰ ਸਹਿਯੋਗ ਦੇਣ ਦੀ ਕ੍ਰਿਪਾਲਤਾ ਕਰਨ। ••

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

"ਬੱਚਾ ਰੌਵੇ ਤਾਂ ਮਾਂ ਦੁੱਧ ਪਿਲਾਉਂਦੀ" ਕਹਾਵਤ ਸੱਚ ਹੁੰਦੀ ਦਿਖਾਈ ਦਿੱਤੀ

# ਵੱਖ ਵੱਖ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਈਆਂ ਖਬਰਾਂ ਦਾ ਹੋਇਆ ਅਸਰ



## ਕੈਬਨਿਟ ਮੰਤਰੀ ਈਟੀਓ ਨੇ ਤੁਰੰਤ ਲਿਆ ਐਕਸ਼ਨ

**ਜੰਡਿਆਲਾ ਗੁਰੂ, 15 ਜੁਲਾਈ (ਕੁਲਵੰਤ ਸਿੰਘ ਵਿਰਦੀ )**-ਬੀਤੇ ਦਿਨ ਜੰਡਿਆਲਾ ਗੁਰੂ ਤੋਂ ਗਹਿਰੀ ਮੰਡੀ ਨੂੰ ਜਾਂਦੀ ਸੜਕ ਵਿੱਚ ਖੜ੍ਹੇ ਪਾਣੀ ਅਤੇ ਡੂੰਘੇ ਟੋਇਆਂ ਸਬੰਧੀ ਵੱਖ ਵੱਖ ਅਖ਼ਬਾਰਾਂ ਵਿਚ ਲੱਗੀ ਖਬਰ ਦਾ ਅਸਰ ਹੁੰਦਾ ਦਿਖਾਈ ਦਿੱਤਾ ਅੱਜ ਸਵੇਰ ਤੋਂ ਹੀ ਇਸ ਸੜਕ ਉਪਰ ਮਸ਼ੀਨਾਂ ਚਲਦੀਆਂ ਹੋਈਆਂ ਦਿਖਾਈਆਂ ਦਿੱਤੀਆਂ ਜਿਸ ਸਬੰਧੀ ਆਮ ਲੋਕਾਂ ਵਿੱਚ ਇਕ ਚਰਚਾ ਚਲ ਰਹੀ ਹੈ ਕਿ ਪਹਿਲਾਂ ਬੀਤ ਚੁੱਕੇ ਸਮੇਂ ਚ ਜਿਵੇਂ ਪੰਜਾਬ ਵਿੱਚ ਆਮ ਗੱਲ ਪ੍ਰਚਲਿਤ ਹੁੰਦੀ ਸੀ ਕਿ ਬੱਚਾ ਰੌਵੇ ਤਾਂ ਮਾਂ ਦੁੱਧ ਪਿਲਾਉਂਦੀ ਹੈ ਬੱਸ ਉਸੇ ਕਹਾਵਤ ਨੂੰ ਸੱਚ ਹੁੰਦਾ ਅੱਜ ਵੇਖਿਆ ਗਿਆ ਹੈ ਕਿ ਖਬਰਾਂ ਲੱਗਣ ਤੋਂ ਬਾਅਦ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ ਟੀ ਓ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਸ ਸੜਕ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਹੈ ਪਹਿਲਾਂ ਕੀ ਪ੍ਰਸ਼ਾਸਨ ਕੋਈ ਵੱਡੇ ਹਾਦਸੇ ਨੂੰ ਸੱਦਾ ਦੇ ਰਿਹਾ ਸੀ ਬਾਕੀ ਚਲੋਂ ਦੇਰ ਆਏ ਦਰੁਸਤ ਆਏ ਵਾਲੀ ਕਹਾਵਤ ਵੀ ਇੱਥੇ ਸੱਚ ਹੁੰਦੀ ਹੈ ਬਾਕੀ ਆਮ ਲੋਕਾਂ ਨੇ ਸ੍ਰ ਹਰਭਜਨ ਸਿੰਘ ਈਟੀਓ ਜੀ ਨੂੰ ਬੇਨਤੀ ਕਰਦਿਆਂ ਹੋਇਆਂ ਕਿਹਾ ਕਿ ਇਸ ਸੜਕ ਵਿੱਚ ਖੜ੍ਹਨ ਵਾਲੇ ਪਾਣੀ ਦਾ ਵੀ ਪੱਕੇ ਤੌਰ ਤੇ ਹੱਲ ਕੀਤਾ ਜਾਣਾ ਚਾਹੀਦਾ ਹੈ ਇਸ ਮੌਕੇ ਤੇ ਸੜਕ ਦੇ ਕੰਮ ਦੀ ਸ਼ੁਰੂਆਤ ਮੌਕੇ ਤੇ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈਟੀਓ ਦੇ ਭਰਾ ਸਤਿੰਦਰ ਸਿੰਘ ਉਹਨਾਂ ਦੇ ਨਾਲ ਨਰੇਸ਼ ਪਾਠਕ,ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ,ਮਾਰਕੀਟ ਕਮੇਟੀ ਗਹਿਰੀ ਮੰਡੀ ਦੇ ਚੇਅਰਮੈਨ ਸੂਬੇਦਾਰ ਸ਼ਨਾਖ ਸਿੰਘ, ਅਵਤਾਰ ਸਿੰਘ ਕਾਲਾ, ਗਗਨਦੀਪ ਸਿੰਘ ਜੰਡਿਆਲਾ ਅਤੇ ਹੋਰ ਵੀ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਸਨ।

## ✯ ਫੋਟੋ ਗੈਲਰੀ ✯



ਨਵਦੀਪ ਵਾਟਰ ਕੈਨਨ ਦੀ ਰਿਹਾਈ ਵਾਸਤੇ 17 ਜੁਲਾਈ ਨੂੰ ਅੰਬਾਲਾ ਪ੍ਰਸ਼ਾਸਨ ਦਾ ਘਿਰਾਓ ਲਈ, ਚੰਡੀਗੜ੍ਹ ਪੰਚਕੁਲਾ ਮੋਹਾਲੀ ਦੇ ਕਿਸਾਨਾਂ ਦੀ ਮੀਟਿੰਗਾਂ ਜੋਰਾਂ ਤੇ। (ਫੋਟੋ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

# ਇੰਟਰ ਨੈਸ਼ਨਲ ਵਾਲਮੀਕ ਸੰਸਥਾ ਵਾਲਮੀਕ ਤੀਰਥ ਨੂੰ 84 ਬੂਟੇ ਕੀਤੇ ਭੇਟ



**ਚੌਂਕ ਮਹਿਤਾ, 15 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਤਿਹਾਸਿਕ ਮੰਦਰ ਸੀਤਾ ਮਾਤਾ ਲਵ ਕੁਛ ਜਨਮ ਭੂਮੀ ਭਗਵਾਨ ਵਾਲਮੀਕ ਤੀਰਥ ਸਥਲ ਸ੍ਰੀ ਰਾਮ ਤੀਰਥ ਨੂੰ ਹੋਰ ਸਵਾਰਿਆ ਜਾਵੇਗਾ ਇਹ ਵਿਚਾਰ ਭਗਵਾਨ ਵਾਲਮੀਕ ਸਰਾਇਨ ਬੋਰਡ ਜਨਰਲ ਮੈਨੇਜਰ ਖ਼ੁਸ਼ਰਾਜ ਨੂੰ ਇੰਟਰਨੈਸ਼ਨਲ ਵਾਲਮੀਕ ਸੰਸਥਾ ਦੇ ਮੁਖੀ ਮੈਡਮ ਸਵਿਤਾ ਸਹੋਤਾ ਵੱਲੋਂ ਵੱਖ-ਵੱਖ ਪ੍ਰਕਾਰ ਦੇ 84 ਬੂਟਿਆਂ ਸਮੇਤ ਗਮਲੇ ਭੇਟ ਕਰਦਿਆਂ ਪ੍ਰੈਸ ਨਾਲ ਸਾਂਝੇ ਕੀਤੇ ਜਨਰਲ ਮੈਨੇਜਰ ਸਰਾਇਨ ਬੋਰਡ ਖ਼ੁਸ਼ਰਾਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਵੀ ਇਹ ਇੰਟਰਨੈਸ਼ਨਲ ਵਾਲਮੀਕ ਸੰਸਥਾ ਸ਼ਰਾਈਨ ਬੋਰਡ ਨੂੰ ਡੈਸਟ ਬੀਨ ਸਮੇਤ ਆਪਣਾ ਯੋਗਦਾਨ ਦੇ ਚੁੱਕੀ ਹੈ ਇਸ ਮੌਕੇ ਰੋਨੀ ਗਿੱਲ ਸੰਨੀ ਥਾਪੜ ਰਿੱਕੀ ਗਿੱਲ ਸੰਦੀਪ ਬਿਲਗਾ ਹਾਜ਼ਰ ਸਨ।

# ਪੀ ਐਸ ਪੀ ਸੀ ਇਮਪਲਾਈਡ ਫੈਡਰੇਸ਼ਨ ਏਟਕ ਮੰਡਲ ਜੰਡਿਆਲਾ ਗੁਰੂ ਜਥੇਬੰਦੀ ਦੀ ਹੋਈ ਮੀਟਿੰਗ, ਲਾਈਨਮੈਨ ਨੂੰ ਨਿੱਜੀ ਰੰਜਿਸ਼ ਕਾਰਨ ਮੁਅੱਤਲ ਕੀਤਾ ਗਿਆ ਨਰਿੰਦਰ ਸਿੰਘ ਗਿੱਲ



**ਜੰਡਿਆਲਾ ਗੁਰੂ, 15 ਜੁਲਾਈ (ਕੁਲਵੰਤ ਸਿੰਘ ਵਿਰਦੀ )**-ਅੱਜ ਪੀ ਐਸ ਪੀ ਸੀ ਇਮਪਲਾਈਡ ਫੈਡਰੇਸ਼ਨ ਏਟਕ ਮੰਡਲ ਜੰਡਿਆਲਾ ਗੁਰੂ ਜਥੇਬੰਦੀ ਦੇ ਪ੍ਰਧਾਨ ਨਰਿੰਦਰ ਸਿੰਘ ਗਿੱਲ ਦੀ ਅਗਵਾਈ ਵਿੱਚ ਹੰਗਾਮੀ ਮੀਟਿੰਗ ਹੋਈ ਜਿਸ ਵਿੱਚ ਉਨ੍ਹਾਂ ਕਿਹਾ ਕਿ ਬੀਤੇ ਦਿਨ ਬਲਦੇਵ ਸਿੰਘ ਲਾਈਨਮੈਨ ਪੁੱਤਰ ਚੰਨਣ ਸਿੰਘ ਆਈ.ਡੀ. ਨੰਬਰ 251953/ਪੀ.ਐਸ.ਈ.ਬੀ. ਇਮਪਲਾਈਡ ਫੈੱਡਰੇਸ਼ਨ ਏਟਕ ਮੰਡਲ ਜੰਡਿਆਲਾ ਗੁਰੂ ਦੇ ਕੈਸ਼ੀਅਰ ਨੂੰ 12/07/2024 ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਇਸ ਸਬੰਧੀ ਜੱਥੇਬੰਦੀ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਬਲਦੇਵ ਸਿੰਘ ਨੂੰ ਮੁਅੱਤਲ ਕਰਨ ਦੇ ਕਾਰਨ ਕੁਝ ਹੋਰ ਹਨ ਪਰ ਲਿਖਤ ਵਿੱਚ ਕੁਝ ਹੋਰ ਦਰਸਾਇਆ ਗਿਆ ਹੈ ਨਿੱਜੀ ਰੰਜਿਸ਼ ਕਾਰਨ ਮੁਅੱਤਲ ਕੀਤਾ ਗਿਆ ਜੱਥੇਬੰਦੀ ਨੇ ਉਸ ਜਗ੍ਹਾ ਤੇ ਜਾ ਕੇ ਮੌਕਾ ਵੇਖਿਆ ਵੇਖਣ ਤੇ ਪਤਾ ਲੱਗਾ ਕਿ ਜਿਹੜੇ ਡਿਊਟੀ ਅਫਸਰ ਨੇ ਇਹ ਕੰਮ ਕਰਵਾਇਆ ਹੈ ਉਹ ਇੱਕ ਵਿਧਵਾ ਔਰਤ ਜਸਬੀਰ ਕੌਰ ਪਤਨੀ ਬਲਵਿੰਦਰ ਸਿੰਘ ਪਿੰਡ ਮਾਨਾਂਵਾਲਾ ਇਹ ਗਰੀਬ ਪਰਿਵਾਰ ਵਿਚੋਂ ਹੈ, ਉਸ ਦੇ ਕਮਰੇ ਦਾ ਬਨੇਰਾ ਢਾਹ ਕੇ 11 ਕੇ.ਵੀ. ਲਾਈਨ ਦੀ 35 ਐਮ.ਐਮ. ਦੇ ਕੇਬਲ ਉਸ ਦੇ ਕਮਰੇ ਉੱਪਰ ਰੱਖ ਦਿੱਤੀ ਉਹ ਔਰਤ 20-25 ਦਿਨਾਂ ਤੋਂ ਆਪ ਜੀ ਦਫਤਰਾਂ ਵਿੱਚ ਚੱਕਰ ਕੱਟਦੀ ਰਹੀ ਕਿ ਮੇਰੇ ਕਮਰੇ ਉਪਰੋਂ ਕੇਬਲ ਉਤਾਰ ਦਿੱਤੀ ਜਾਵੇ ਪਰ ਕਿਸੇ ਨੇ ਨਹੀਂ ਸੁਣੀ ਉਪਰੰਤ ਤੁਹਾਡੇ ਦਫਤਰ ਆਈ ਪਰ ਤੁਸਾਂ ਵੀ ਨਹੀਂ ਸੁਣੀ ਫਿਰ ਉਹ 09.07.2024 ਨੂੰ ਦੁਬਾਰਾ ਲਿਖਤੀ ਰੂਪ ਵਿੱਚ ਐਸ.ਡੀ.ਓ. ਦਫਤਰ ਜੰਡਿਆਲਾ ਗੁਰੂ ਵਿਖੇ ਆਈ ਪਰ ਐਸ.ਡੀ.ਓ. ਜੰਡਿਆਲਾ ਗੁਰੂ ਨੇ ਦਰਖਾਸਤ ਲੈਣ ਤੋਂ ਇਨਕਾਰ ਕਰ ਦਿੱਤਾ ਉਪਰੰਤ 09.07.2024 ਵਾਲੀ ਦਰਖਾਸਤ ਮੁੱਖ ਮੰਤਰੀ ਪੰਜਾਬ ਅਤੇ ਸੀ.ਐਮ.ਡੀ. ਸਾਹਬ ਪਟਿਆਲਾ ਨੂੰ ਮੇਲ ਕਰ ਦਿੱਤੀ 1 ਮਿਤੀ 12.07.2024 ਨੂੰ ਪ੍ਰਾਈਵੇਟ ਆਦਮੀ ਉਸ ਜਗ੍ਹਾ ਤੇ ਕੰਮ ਕਰਨ ਲਈ ਆਏ ਬਲਦੇਵ ਸਿੰਘ ਲਾਈਨਮੈਨ ਨੇ ਉਹਨਾਂ ਨੂੰ ਕੇਬਲ ਪਿੱਛੇ ਕਰਕੇ ਪੋਲ ਨਾਲ ਬੰਨਣ ਲਈ ਕਿਹਾ ਪਰ ਉਹ ਨਾ ਮੰਨੇ ਅਤੇ ਉਲਟਾ ਵੱਧ ਘੱਟ ਬੋਲਿਆ ਇੰਨੇ ਚਿਰ ਵਿੱਚ ਹੋਟਲ ਦਾ ਮਾਲਕ ਆਪਣੇ 2 ਗੰਨਮੈਨ ਲੈ ਕੇ ਉਸ ਜਗ੍ਹਾ ਤੇ ਆਇਆ ਤੇ ਬਲਦੇਵ ਸਿੰਘ ਲਾਈਨਮੈਨ ਨੂੰ ਗਾਲੀ ਗਲੋਚ ਕਰਨ ਲੱਗ ਪਿਆ ਅਤੇ ਆਪਣਾ ਪਿਸਟਲ ਕੱਢ ਕੇ ਬਲਦੇਵ ਸਿੰਘ ਵੱਲ ਤਾਨ ਦਿੱਤਾ ਅਤੇ ਕਹਿੰਦਾ ਕਿ ਮੈਂ ਤੈਨੂੰ ਗੋਲੀ ਮਾਰ ਕੇ ਮਾਰ ਦੇਣਾ ਹੈ ।ਇਸ ਤਰ੍ਹਾਂ ਧਮਕੀਆਂ ਦਿੰਦਾ ਰਿਹਾ ਜਿਹੜਾ ਕਿ ਸਰਮਾਏਦਾਰ ਹੋਣ ਕਰਕੇ ਤੁਸੀਂ ਸਰਮਾਏਦਾਰੀ ਦੀ ਧਿਰ ਬਣ ਕੇ ਮਦਦ ਕੀਤੀ ਉਲਟਾ ਤੁਸੀਂ ਆਪਣੇ ਮੁਲਾਜ਼ਮ ਨੂੰ ਹੀ ਮੁਅੱਤਲ ਕਰ ਦਿੱਤਾ ਤੁਹਾਨੂੰ ਪਹਿਲਾਂ ਉਸ ਜਗ੍ਹਾ ਤੇ ਜਾ ਕੇ ਪੜਤਾਲ ਕਰਨੀ ਚਾਹੀਦੀ ਸੀ ਅਤੇ ਹੋਟਲ ਮਾਲਕ ਦੇ ਖਿਲਾਫ ਐਫ.ਆਈ.ਆਰ. ਦਰਜ ਕਰਾਉਣੀ ਬਣਦੀ ਸੀ, ਇਹ ਉਹ ਮੁਲਾਜ਼ਮ ਹੈ ਜਿਹੜਾ ਆਪਣੀ ਡਿਊਟੀ ਸਮੇਂ ਤੋਂ ਵੱਧ ਦਿਨ ਰਾਤ ਲੋਕਾਂ ਦੇ ਕੰਮ ਕਰਦਾ ਹੈ, ਜਿਸ ਕਰਕੇ ਤੁਹਾਨੂੰ ਖਪਤਕਾਰਾਂ ਨਾਲ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਇਲਾਕੇ ਦੇ ਪੰਚ ਸਰਪੰਚ ਅਤੇ ਮੋਹਤਬਰ ਆਦਮੀ ਬਲਦੇਵ ਸਿੰਘ ਨਾਲ ਹਨ ਅਤੇ ਉਸਦੀ ਪੂਰੀ ਗਵਾਹੀ ਭਰਦੇ ਹਨ ਪਿਛਲੇ ਸਮੇਂ ਵਿੱਚ ਕਰਮਚਾਰੀ ਵਿਰੁੱਧ ਕੋਈ ਚਿੱਠੀ ਪੱਤਰ ਜਾਰੀ ਨਹੀਂ ਹੋਇਆ ਜੱਥੇਬੰਦੀ ਤੁਹਾਡੇ ਵੱਲੋਂ ਇਹ ਆਸ ਰੱਖਦੀ ਹੈ ਕਿ ਪੈਡੀ ਸੀਜ਼ਨ ਹੋਣ ਕਰਕੇ ਖਪਤਕਾਰਾਂ ਦੇ ਕੰਮਾਂ ਵਿੱਚ ਖੜੋਤ ਨਾ ਆਵੇ ਅਤੇ ਨਾ ਦਫਤਰ ਦਾ ਮਾਹੌਲ ਖਰਾਬ ਹੋਵੇ ਦਫਤਰ ਦਾ ਮਾਹੌਲ ਸੁਖਾਵਾ ਰੱਖਣ ਲਈ ਬਲਦੇਵ ਸਿੰਘ ਲਾਈਨਮੈਨ ਨੂੰ ਤੁਰੰਤ ਬਹਾਲ ਕੀਤਾ ਜਾਵੇ ਜੇਕਰ ਬਹਾਲ ਨਾ ਕੀਤਾ ਗਿਆ ਤਾਂ ਜੱਥੇਬੰਦੀ ਨੂੰ ਮਜ਼ਬੂਰ ਹੋ ਕੇ ਆਪਣਾ ਸੰਘਰਸ਼ ਵਿਢਣਾ ਪਵੇਗਾ ਜਿਸ ਦੀ ਸਾਰੀ ਜ਼ੁੰਮੇਵਾਰੀ ਤੁਹਾਡੇ ਉੱਪਰ ਹੋਵੇਗੀ ਉਨ੍ਹਾਂ ਵਾਰ ਵਾਰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਅਸੀਂ ਦਫਤਰ ਦਾ ਮਾਹੌਲ ਸੁਖਾਵਾਂ ਰੱਖਣ ਲਈ ਅਤੇ ਖਪਤਕਾਰਾਂ ਨੂੰ ਸੇਵਾਵਾਂ ਵਧੀਆ ਦੇਣ ਲਈ ਬਲਦੇਵ ਸਿੰਘ ਲਾਈਨਮੈਨ ਨੂੰ ਤੁਰੰਤ ਬਹਾਲ ਕੀਤਾ ਜਾਵੇ ਇਸ ਮੌਕੇ ਤੇ ਸਾਥੀ ਸੁਰਜੀਤ ਸਿੰਘ, ਦਵਿੰਦਰ ਸਿੰਘ, ਕਿਸ਼ਨ ਲਾਲ, ਮੈਲਖ ਸਿੰਘ, ਗੁਰਮਤੀਮ ਸਿੰਘ ਅਤੇ ਨਰਿੰਦਰ ਸਿੰਘ ਗਿੱਲ ਨੇ ਅਪੀਲ ਕੀਤੀ ਕਿ ਜਥੇਬੰਦੀ ਨਾਲ ਮੀਟਿੰਗ ਕਰਕੇ ਬਲਦੇਵ ਸਿੰਘ ਬਹਾਲ ਕਰਕੇ ਦਫ਼ਤਰ ਦਾ ਮਾਹੌਲ ਸੁਖਾਵਾਂ ਬਣਾ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸ੍ ਜਸਵੀਰ ਸਿੰਘ ਸੰਘਾ ਨੂੰ ਸੇਜ਼ਲ ਅੱਖਾ ਨਾਲ ਅੰਤਿਮ ਵਿਦਾਇਗੀ














ਸ੍ ਜਸਵੀਰ ਸਿੰਘ ਸੰਘਾ 53 ਸਾਲ ਦੀ ਉਮਰ ਭੋਗ ਕੇ ਪਿਛਲੇ ਦਿਨੀ ਪਰਵਾਰ ਤੇ ਸੱਜਣਾ ਮਿੱਤਰਾ ਰਿਸ਼ਤੇਦਾਰਾ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ ਤੇ ਅੱਜ ਪਰਵਾਰ ,ਰਿਸ਼ਤੇਦਾਰ ਸੱਜਣਾ ਮਿੱਤਰਾ ਵੱਲੋ ਨੰਮ ਅੱਖਾ ਨਾਲ ਅੰਤਿਮ ਵਦਾਇਗੀ ਦਿੱਤੀ ਗਈ ਕੋਈ ਅੱਖ ਐਸੀ ਨਹੀ ਸੀ ਜੋ ਗਿਲੀ ਨਾ ਹੋਈ ਹੋਵੇ ਸ੍ ਜਸਵੀਰ ਸਿੰਘ ਸੰਘਾ ਬਹੁਤ ਮਿਲਣਸਾਰ ਇਨਸਾਨ ਸੀ ਅੰਤਿਮ ਸੰਸਕਾਰ ਤੋ ਉਪਰੰਤ ਰਖਾਏ ਹੋਏ ਸ਼੍ਰੀ ਸਹਿਜ ਪਾਠ ਦੇ ਭੋਗ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਰਟੀਟ ਵੁਲਵਰਹੈਂਪਟਨ ਵਿਖੇ ਪਾਏ ਗਏ ਵੱਡੀ ਗਿਣਤੀ ਵਿੱਚ ਸੰਗਤਾ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਈਆ ਸੰਘਾ ਪਰਵਾਰ ਸ਼ਾਹੀ ਪਰਵਾਰ ਧਾਰੀਵਾਲ ਪਰਵਾਰ ਤੇ ਕੰਗ ਪਰਵਾਰ ਵੱਲੋ ਆਈਆ ਸਭ ਸੰਗਤਾ ਦਾ ਧੰਨਵਾਦ ਕੀਤਾ ਗਿਆ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243






ਵੱਲੋਂ

# ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ

ਮੁਖੀ ਦਮਦਮੀ ਟਕਸਾਲ,
ਜਥਾ ਭਿੰਡਰਾਂ, ਮਹਿਤਾ

**ਅਤੇ ਪ੍ਰਧਾਨ ਸੰਤ ਸਮਾਜ**




ਵੱਲੋਂ :

**ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ**

ਸਾਬਕਾ ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ

ਸੰਪਰਕ : 98140-13915, 98140-29018






--⋆ ਵੱਲੋਂ ⋆--

# ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ

ਚੇਅਰਮੈਨ, ਸੁੱਖ ਸਿਮਰਨ ਸੇਵਾ ਟਰੱਸਟ (ਰਜਿ.)
ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ








--★ ਵੱਲੋਂ ★--

# ਭਾਈ ਰਘਵੀਰ ਸਿੰਘ ਵਾਲਸਾਲ

## ਐਡੀਟਰ-ਇਨ-ਚੀਫ਼

ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ

ਪ੍ਰਧਾਨ,

ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.




--✶ ਵੱਲੋਂ ✶--

# ਭਾਈ ਕਪਤਾਨ ਸਿੰਘ
# (ਇੰਗਲੈਂਡ)

## ਜਨਰਲ ਸਕੱਤਰ ਅਤੇ ਮੁੱਖ ਬੁਲਾਰਾ
## ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.




ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥
ਆਵਾਜ਼ਿ ਕੌਮ AWAZE QAUM International Newspaper & WEB TV
ਸਿਦਕੀ ਸਿੱਖ
www.damdamitaksal.net
ਧੰਨ ਭਾਈ ਤਾਰੂ ਸਿੰਘ ਜੀ ਦੇ
ਸ਼ਹੀਦੀ ਦਿਹਾੜੇ ਤੇ ਪ੍ਰਣਾਮ
Dhan Bhai Taru Singh Ji de
Shaheedi Dihare Te Parnam
www.damdamitaksal.net